# ਵਤਨੋਂ ਦੂਰ

ਸੰਪਾਦਕ:
ਸੁਰਿੰਦਰ ਧੰਜਲ

TELEPHONE: 874-5403
FEBRUARY, 1975
PRICE: 50 ¢

LITERARY & CULTURAL
MONTHLY OF PANJABI

**THE WATNO DŪR**

Post Box No. 1041
Coquitlam, B.C., Canada

## ਇਸ ਅੰਕ ਵਿੱਚ

ਕਹਾਣੀਆਂ • ਚੀਜ਼ਾਂ ਏਨੀ ਜਲਦੀ ਨਹੀਂ ਬਦਲਦੀਆਂ ... ਸੁਖਵੰਤ ਕੌਰ ਮਾਨ
ਉਮਰ ਭਰ ਦੀ ਕਮਾਈ ... ਅਜੀਤ ਸਿੰਘ
ਇਲਾਕੇ ਦੇ ਹਾਕਮ ... ਭੂਪਿੰਦਰ ਸਿੰਘ P. C. S.
ਤਾਰਾਂ ਰਾਣੀ ... ਦਿਲਬਾਗ

ਕਵਿਤਾਵਾਂ • ਕਵਿਤਾ ... ਉੱਜਲ ਦੋਸਾਂਝ
ਇਨਸਾਨੀਅਤ ਮਿਟ ਨਹੀਂ ਸਕਦੀ ... ਸੁਰਜੀਤ ਕਲਸੀ
ਤਿੰਨ ਖਿਆਲ ... ਸਾਧੂ
ਗ਼ਜ਼ਲ ... ਗੁਰਮੇਲ ਸਿੰਘ ਰਾਹੀ
ਮੇਰਾ ਜੀਵਨ ... ਬਲਬੀਰ ਸਿੰਘ

ਰੀਪੋਰਟ • ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਇਕ ਵਿਸ਼ੇਸ਼ - ਇਕੱਤ੍ਰਤਾ

ਸੰਜੀਵਨੀ ਬੂਟੀ • ਲੀਡਰ ਨੂੰ
ਦੀਨ ਤੇ ਧਰਮ
ਲੀਚੜ
ਅਨੰਤ ਸਿੰਘ ਕਾਬਲੀ ਦੀਆਂ ਤਿੰਨ ਹਾਸ - ਰਚਨਾਵਾਂ

ਸਾਜ਼ ਅਤੇ ਆਵਾਜ਼ • ਸਮੁੰਦਰੋਂ ਪਾਰ ... ਸਾਥੀ ਲੁਧਿਆਣਵੀ



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

## ARE YOU INTERESTED IN SAVING MONEY AND PAYING LESS INCOME TAX?

Are you giving the Government money that could still be yours? Many people fail to take advantage of tax deferment privileges granted them for retirement savings. Are you?

**The Monarch Life**
**ASSURANCE COMPANY**

1520 - 777 HORNBY STREET, VANCOUVER 1, B.C. BUS. 684-5322

FOR

LIFE INSURANCE

EDUCATION PLAN

MORTGAGE PLAN

Retirement registered Saving Plan
and all other kinds of insurance

Contact

# DALJIT SANDHU

Office
685-7231

Residence
278-0491



ਦਲਜੀਤ ਸੰਧੂ

## National Life of Canada

Suite 501, 1155—West Pender Street
Vancouver, B.C. Phone: 685-7231

# HIMALAYA RESTAURANT

LICENSED PREMISES

## 2313 Main Street, Vancouver, B.C.

## Phone: 876-2911

**WHERE YOU CAN GET:**

LAMB CURRY, BEEF CURRY, PRAWN CURRY,

GOAT MEAT (SPECIAL), VEGETABLES, SAMOSAS,

PUREE CHHOLLAY, LASSI, DAHEEN (CURD),

GULAB JAMAN, BARFEE, BAESAN AND GAJRELA.

# ਹਿਮਾਲੀਆ ਰੈਸਟੋਰੈਂਟ

ਜਿੱਥੇ ਤੁਹਾਨੂੰ ਗਜਰੇਲਾ, ਮੇਸੂ, ਗੁਲਾਬ ਜਾਮਣ, ਰਸਗੁੱਲੇ, ਰਸ-ਮਲਾਈ, ਖੋਏ ਦੀ ਬਰਫ਼ੀ, ਲੱਡੂ, ਜਲੇਬੀ, ਕਲਾਕੰਦ, ਕੋਕੋਨਟ ਦੀ ਬਰਫ਼ੀ ਅਤੇ ਹੋਰ ਤਾਜ਼ੀਆਂ ਸਵਾਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ। ਇਥੇ ਹਰ ਕਿਸਮ ਦੀ ਵਿਸਕੀ, ਬੀਅਰ ਅਤੇ ਵਾਈਨ ਵੀ ਮਿਲਦੀ ਹੈ। ਅਸੀਂ ਵਿਆਹ ਸ਼ਾਦੀਆਂ ਲਈ ਵੱਡੇ ਪੈਮਾਨੇ ਤੇ (INDOOR ਤੇ OUTDOOR) ਮਿਠਾਈ ਵੀ ਤਿਆਰ ਕਰਦੇ ਹਾਂ।

ਮਾਲਕ: ਭਾਰਤੀ ਖਾਣੇ ਦੇ ਮਾਹਿਰ - ਕਰਨੈਲ ਮੋਰਕ

2313 ਮੇਨ ਸਟਰੀਟ, ਵੈਨਕੂਵਰ, ਬੀ. ਸੀ.

(ਫ਼ੋਨ: 876-2911)

# HARPAL TOOR



OF

**MELTON**

FORMERLY A. E. AUSTIN

1435 Kingsway, Vancouver, B.C.

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਨਕਦ ਵੇਚਣ ਲਈ

## ਹਰਪਾਲ ਤੂਰ

ਨੂੰ ਸੇਵਾ ਦਾ ਮੌਕਾ ਦਿਓ।

**OFF:879-7571 RES: 524-9848**

# KHAN AGENCIES LTD.



RIASAT ALI KHAN



SARAJ KHAN

To serve your Autoplan needs, the license plates, decals and insurance for all types of cars and trucks are now available at our this office:

## CHAMPLAIN MALL

3200—E. 54th Avenue, Vancouver, B.C.
Phone: 433-7211

All other insurance services such as fire and theft, life, sickness and accident, business, mortgage and retirement savings plans are available at our this office:

## KHAN AGENCIES LTD.

15—2414 Main Street, Vancouver, B.C.
Phone: 874-2125

●

687-771 Pager No. 3543—24 Hour per day at both offices.

●

Khan Brothers can also make travel arrangements and help in visa, passport and other immigration matters.

**RES. PHONE: 327-7841**



FOR ANY KIND OF

# INSURANCE

Life, Accident, Sickness,
Mortgage & Children

CONTACT

## RUPINDER S. AZAD

M.A., B.Ed.

OF

**SEA BOARD LIFE INSURANCE COMPANY**

Head Office: 1900 — W. Broadway, Vancouver, B.C

Office: 736-7431 Res. 576-2386

# CENTURY TRAVEL SERVICE



204—3310 FRASER STREET
VANCOUVER, B.C., CANADA V5V 4G1

OFF: 874-9429
RES: 681-3668

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

GURSHARAN SANDHU

**ਸੈਂਚਰੀ ਟਰੈਵਲ ਸਰਵਿਸ**

204-3310 ਫਰੇਜਰ ਸਟਰੀਟ, ਵੈਨਕੂਵਰ, ਬੀ.ਸੀ., ਕੈਨੇਡਾ

OFF: 874-9429 RES: 681-3668

B. R. CONTRACTORS

for

ELECTRICAL WIRING

IN

NEW HOUSES (RESIDENTIAL, COMMERCIAL & DOMESTIC)

INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



580—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: 879-2062

Mobile phone: JR2-8484 (via operator)

THERE'S LIFE AT MARS

# MARS REALTY LTD.

5467 VICTORIA DR., VANCOUVER, B.C.

327-8315



ਹਰ ਪਰਕਾਰ ਦੀ ਜਾਇਦਾਦ-
RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

**ਦਰਸ਼ਨ ਬਰਾੜ**

*Darshan Brar*

*Res. 433-3334*

MORTGAGES - APPRAISALS - RENTALS - SALES

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ
ਅਤੇ ਸੱਭਿਆਚਾਰਕ ਮਾਸਕ-ਪੱਤਰ

SECOND CLASS MAIL REG. NO. 3233
VOLUME III S. NO. 20 FEBRUARY 1975

FOUNDER : TARA SINGH HAYER.
ADVISOR : AJMER SINGH RODEY M.A.Sc.
PUBLISHER : CHARANJEET SIDHOO.
EDITOR :
SURINDER DHANJAL.
ASSTT. EDITOR :
BHUPINDER DHALIWAL.
ADVERTISING EDITOR : DALJIT TOOR.
ART EDITOR : NIRMAL DHALIWAL.
CIRCULATION EDITOR : KARAMJIT GHUMAN.

SPECIAL REPRESENTATIVES :-
MANITOBA : RAMESH SAFFRI (WINNIPEG)
B.C. : SUKHPAL TALLEWALIA (BURNABY)
BALBIR DHALIWAL (BURNABY)
GURCHARAN TALLEWALIA (N.W.M.)
LATT BHINDER (KAMLOOPS)
HARNEK MANN (PRINCE GEORGE
JOGINDER AULAKH (PR. GEORGE)
SURDEV JATANA (PR. RUPERT)
QUEBEC : RUPINDER SINGH (MONTREAL)

# ਐਡੀਟੋਰੀਅਲ

ਵਤਨੋਂ ਦੂਰ ਪ੍ਰਬੰਧਕੀ ਬੋਰਡ ਦੇ ਮੈਂਬਰਾਂ ( ਚਰਨਜੀਤ ਸਿੱਧੂ, ਭੁਪਿੰਦਰ ਧਾਲੀਵਾਲ, ਦਲਜੀਤ ਤੂਰ ਅਤੇ ਨਿਰਮਲ ਧਾਲੀਵਾਲ) ਦੇ ਪਿਛਲੇ ਮਹੀਨਿਆਂ ਵਿੱਚ ਭਾਰਤ ਦੇ ਦੌਰੇ ਤੇ ਚਲੇ ਜਾਣ ਕਰਕੇ 'ਵਤਨੋਂ ਦੂਰ' ਦਾ ਫਰਵਰੀ ਅੰਕ ਪਾਠਕਾਂ ਦੇ ਹੱਥਾਂ ਵਿੱਚ ਲੇਟ ਪੁੱਜਿਆ ਹੈ। ਪਾਠਕਾਂ ਤੋਂ ਖ਼ਿਮਾਂ ਮੰਗਦੇ ਹਾਂ।

'ਵਤਨੋਂ ਦੂਰ' ਦਾ ਮਾਰਚ ਅੰਕ 'ਸ਼ਹੀਦੀ ਅੰਕ' ਹੋਵੇਗਾ। ਲੇਖਕਾਂ ਨੂੰ ਬੇਨਤੀ ਹੈ ਕਿ ਉਹ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਬਾਰੇ ਰਚਨਾਵਾਂ 20 ਫਰਵਰੀ ਤੱਕ ਭੇਜਣ ਦੀ ਕਿਰਪਾ ਕਰਨ ਤਾਂ ਜੁ ਮਾਰਚ ਦਾ ਪਰਚਾ ਵੇਲੇ ਸਿਰ ਪਾਠਕਾਂ ਤੱਕ ਪੁੱਜ ਸਕੇ।

– ਸੁਰਿੰਦਰ ਧੰਜਲ

Reproduction in any manner is prohibited without written permission

# ਚੀਜ਼ਾਂ ਏਨੀ ਜਲਦੀ ਨਹੀਂ ਬਦਲਦੀਆਂ

( ਸੁਖਵੰਤ ਕੌਰ ਮਾਨ )

ਤੁਹਾਨੂੰ ਕਿੰਨੀ ਵਾਰ ਕਿਹਾ ਏ ਬੇਦਿੰਗ ਸੂਟ ਲਿਆਉਣ ਲਈ ; ਇਹੋ ਜਿਹੀ ਥਾਂ ਤੇ ਆਉਣ ਦਾ ਕੀ ਫ਼ਾਇਦਾ ਜੇ ਪੂਰਾ ... ... ...

ਪਤਨੀ ਦਾ ਦਿਲ ਕਿਧਰੇ ਸੈਰ ਜਾਣ, ਲਈ ਕਰਦਾ ਰਹਿੰਦਾ। ਪਤੀ ਕੋਈ ਚੰਗੀ ਜਿਹੀ ਕਿਤਾਬ ਕੱਢਦਾ ਤੇ ਪੜ੍ਹਨ ਬੈਠ ਜਾਂਦਾ। ਮੁੰਡੂ ਖਾਣਾ ਬਣਾਉਂਦਾ ਰਹਿੰਦਾ। ਪਤਨੀ ਸਹੇਲੀਆਂ ਨਾਲ ਤਾਸ਼ ਖੇਡਦੀ ਰਹਿੰਦੀ ਤੇ ਛੁੱਟੀ ਵਾਲਾ ਦਿਨ ਬੀਤ ਜਾਂਦਾ।

ਅਗਲੀ ਛੁੱਟੀ ਆਈ ਤਾਂ ਪਤਨੀ ਨੇ ਫਿਰ ਬਾਹਰ ਜਾਣ ਲਈ ਇਸਰਾਰ ਕੀਤਾ। ਪਤੀ ਨੇ ਵੀ ਹੋਰ ਟਾਲਣਾ ਠੀਕ ਨਾ ਸਮਝਿਆ।

'ਇਕ ਚੰਗੀ ਜਿਹੀ ਆਇਆ ਕਿੰਨੀ ਜ਼ਰੂਰੀ ਏ।' ਬੱਚੇ ਨੂੰ ਤਿਆਰ ਕਰਦਿਆਂ ਹੋਇਆਂ ਪਤਨੀ ਨੇ ਕਿਹਾ।

ਬੱਚਾ ਪਤੀ ਕੋਲ ਸੀ। ਪਤਨੀ ਚੈਨੋਨ ਦੀ ਪਿੰਕ ਸਾੜ੍ਹੀ 'ਚ ਕਾਫ਼ੀ ਪਿਆਰੀ ਲੱਗ ਰਹੀ ਸੀ। ਸਾੜ੍ਹੀ ਦਾ ਪੱਲਾ ਠੀਕ ਕਰਦੀ ਹੋਈ ਉਹ ਟੈਕਸੀ 'ਚ ਜਾ ਬੈਠੀ। ਪਤੀ ਨੇ ਬੱਚਾ ਅੱਗੇ ਕੀਤਾ ਤੇ ਨਾਲ ਜਾ ਬੈਠਾ। ਉਹਨੂੰ ਪਤਨੀ ਚੰਗੀ ਚੰਗੀ ਲੱਗੀ ਪਰ ਜਲਦੀ ਹੀ ਉਹ ਨਵੇਂ ਪੜੇ ਨਾਵਲ ਬਾਰੇ ਸੋਚਣ ਲੱਗਾ।

'ਆਪਣੀ ਸੁਆਰੀ ਦਾ ਆਪਣਾ ਈ ਮਜ਼ਾ ਏ।' ਪੱਤਨੀ ਨੇ ਟੈਕਸੀ ਦੇ ਸੱਜੇ ਪਾਸਿਓਂ ਲੰਘਦੀ ਕਰੀਮ ਕਲਰ ਦੀ ਫ਼ੀਅਟ ਨੂੰ ਵੇਖਦਿਆਂ ਕਿਹਾ।

ਪਤੀ ਪਤਨੀ ਵੱਲ ਝਾਕਿਆ ਤੇ ਚੁੱਪ ਹੋ ਗਿਆ।

'ਤੁਹਾਨੂੰ ਤੇ ਕਿਹਾ ਸੀ ਉਹ ਲੈਮਨ ਵਾਲੀ ਸ਼ਰਟ ਪਾਣੀ ਏ'.....ਦੇਖਦੇ ਨਹੀਂ ਪੈਂਟ ਨਾਲ ਬਿਲਕੁਲ ਮੈਚ ਨਹੀਂ ਕਰ ਰਹੀ।'

'ਠੀਕ ਈ ਏ ....।' ਪਤੀ ਪਤਨੀ ਦੀ ਗੱਲ ਨੂੰ ਬਹੁਤਾ ਤੂਲ ਨਾ ਦੇਂਦਿਆਂ ਹੋਇਆ ਬਾਹਰ ਵੇਖਣ ਲੱਗਾ।

'ਕਲ੍ਹ ਵੀ ਤਾਂ ਏਹੀ ਸ਼ਰਟ ਪਾਈ ਹੋਈ ਸੀ ਜਨਾਬ ਨੇ......।' ਪਤਨੀ ਨੇ ਪਤੀ ਨੂੰ ਜਿਵੇਂ ਯਾਦ ਕਰਾਇਆ।

ਪਤੀ ਨੇ ਕੁਝ ਲਜਿਤ ਹੁੰਦਿਆਂ ਹੋਇਆਂ ਆਪਣੀ ਕਮੀਜ਼ ਵੱਲ ਵੇਖਿਆ।

'ਮੈਲੀ ਤਾਂ ਨਹੀਂ ?' ਉਹਨੇ ਜਿਵੇਂ ਪਤਨੀ ਤੋਂ ਪੁੱਛਿਆ।

'ਤੁਹਾਡੇ ਸੋਚਣ ਦਾ ਸਟੈਂਡਰਡ ਕੁਝ ਹੋਰ ਏ ਤੇ ਮੇਰਾ ਹੋਰ।' ਪਤਨੀ ਕੁਝ ਤਲਖ਼ ਹੁੰਦੀ ਆਖਿਆ।

ਦੋਹਾਂ 'ਚ ਕੁਝ ਚੁੱਪ ਜਿਹੀ ਤਣ ਗਈ ਤੇ ਟੈਕਸੀ ਚੱਲਦੀ ਗਈ। ਬੱਚਾ ਤੰਗ ਕਰ ਰਿਹਾ ਸੀ। ਪਤਨੀ ਖਿਝ ਰਹੀ ਸੀ ਤੇ ਪਤੀ ਬਾਹਰ ਵੱਲ ਵੇਖ ਰਿਹਾ ਸੀ।

'ਦੇਖਦੇ ਨਹੀਂ', ਜ਼ਰਾ ਚੁੱਕ ਈ ਲਵੋ......।' ਪਤਨੀ ਨੇ ਖ਼ਾਸੀ ਖਿਝਦੀ ਹੋਈ ਨੇ ਕਿਹਾ। ਪਤੀ ਨੇ ਹੱਥ ਅੱਗੇ ਵਧਾਏ ਤੇ ਚੁੱਪਚਾਪ ਬੱਚੇ ਨੂੰ ਚੁੱਕ ਲਿਆ।

ਆਹ ਤੌਲੀਆ ਹੇਠਾਂ ਰਖ ਲਵੋ, ਫਿਰ ਨਾ ਕਹਿਣਾ ਕਪੜੇ ਗੰਦੇ ਹੋ ਗਏ... ਪਤਾ ਨਹੀਂ ਤੁਸੀਂ ਹਰ ਵੇਲੇ ਕਿਹੜੀ ਦੁਨੀਆਂ 'ਚ ਖੋਏ ਰਹਿੰਦੇ ਹੋ, ਕੋਈ ਕੰਮ ਵੀ ਤਾਂ ਢੰਗ ਨਾਲ ਨਹੀਂ ਕਰਦੇ।

ਪਤੀ ਨੇ ਤੌਲੀਆ ਲਿਆ ਤੇ ਥੱਲੇ ਵਿਛਾ ਲਿਆ। ਬੱਚਾ ਬਾਹਰ ਨਿਕਲ ਕੇ ਖ਼ੁਸ਼ ਸੀ ਤੇ ਲੱਤਾਂ ਮਾਰ ਮਾਰ ਖੇਡ ਰਿਹਾ ਸੀ। ਪਤਨੀ ਸੜਕ ਤੋਂ ਲੰਘਦੀਆਂ ਕਾਰਾਂ ਦੇ ਡੀਜ਼ਾਈਨਾਂ ਤੇ ਰੰਗਾਂ ਬਾਰੇ ਸੋਚ ਰਹੀ ਸੀ।'

'ਪਦਮਾ ਦੇ ਬਰਥ-ਡੇ ਤੇ ਉਹਦੇ ਪਤੀ ਨੇ ਕਾਰ ਪਰੀਜ਼ੈਂਟ ਕੀਤੀ ਏ......।' ਪਤਨੀ ਨੇ ਹਉਕਾ ਭਰਿਆ।

'ਉਹਦੀ ਤਨਖ਼ਾਹ ਪਤਾ ਈ ਕਿੰਨੀ ਏ ?' ਪਤੀ ਨੇ ਉਹਨੂੰ ਯਾਦ ਕਰਾਇਆ। ਪਤਨੀ ਨੇ ਮੂੰਹ ਬਣਾਇਆ ਤੇ ਬਾਹਰ ਵੇਖਣ ਲੱਗੀ।

ਟੈਕਸੀ ਰੁਕੀ ਤੇ ਉਹ ਜੁਹੂ ਬੀਚ ਤੇ ਉੱਤਰ ਗਏ। ਬੀਤ ਰਹੀ ਧੁੱਪ 'ਚ ਜੁਆਨ ਅੱਧ-ਨੰਗੇ ਪਿੰਡੇ ਲਿਸ਼ਕ ਰਹੇ ਸਨ ਤੇ ਮਨਾਂ ਨੂੰ ਮੋਹ ਰਹੇ ਸਨ।

'ਮਜ਼ਾ ਏ ਨਾ ਜ਼ਿੰਦਗੀ ਦਾ...।' ਉਸ ਪਾਣੀ 'ਚ ਇਕ ਦੂਜੇ ਨਾਲ ਅਠਖੇਲੀਆਂ ਕਰਦੇ ਇਕ ਜੁਆਨ ਜੋੜੇ ਵੱਲ ਵੇਖਦਿਆਂ ਕਿਹਾ। ਪਤੀ ਨੇ ਓਧਰ ਝਾਤੀ ਮਾਰੀ ਪਰ ਕੁਝ ਨਾ ਕਿਹਾ।

'ਤੁਹਾਨੂੰ ਕਿੰਨੀ ਵਾਰ ਕਿਹਾ ਏ ਬੇਦਿੰਗ ਸੂਟ ਲਿਆਉਣ ਲਈ, ਇਹੋ ਜਿਹੀ ਥਾਂ ਤੇ ਆਉਣ ਦਾ ਕੀ

ਫ਼ਾਇਦਾ ਜੇ ਪੂਰਾ ਪੂਰਾ ਮਜ਼ਾ ਨਾ ਲਿਆ ਜਾਏ......।'

'ਮੈਂ ਇਹ ਚੀਜ਼ਾਂ ਪਸੰਦ ਨਹੀਂ ਕਰਦਾ......।' ਪਤੀ ਨੇ ਉਸ ਜੋੜੇ ਵਲ ਵੇਖਦਿਆਂ ਕਿਹਾ ।

'ਜੇ ਇਹੋ ਜਿਹੇ ਸ਼ਹਿਰ 'ਚ ਰਹਿੰਦਿਆਂ ਵੀ......।'

'ਕਹਿ ਜੁ ਦਿੱਤਾ ਮੈਨੂੰ ਇਹ ਗੱਲਾਂ ਪਸੰਦ ਨਹੀਂ', 'ਪਰ ਮੈਨੂੰ ਤਾਂ ਪਸੰਦ ਨੇ......।' ਪਤਨੀ ਨੇ ਖਿੜਦਿਆਂ ਹੋਇਆਂ ਕਿਹਾ ।

ਪਤੀ ਬੱਚਾ ਚੁੱਕੀ ਚੁੱਪਚਾਪ ਪਤਨੀ ਦੇ ਪਿਛੇ ਪਿਛੇ ਚੱਲ ਰਿਹਾ ਸੀ । ਪਤਨੀ ਸਿਪੀਆਂ, ਸੰਖਾਂ ਤੋਂ ਬਣੀਆਂ ਚੀਜ਼ਾਂ ਦੇ ਸਟਾਲ ਕੋਲ ਆ ਕੇ ਰੁਕ ਗਈ । ਉਹ ਚੀਜ਼ਾਂ ਪਸੰਦ ਕਰਦੀ ਰਹੀ ਤੇ ਪਤੀ ਚੁਪਚਾਪ ਕੋਲ ਖਲੋਤਾ ਰਿਹਾ ।

ਪਤਨੀ ਨੇ ਚੀਜ਼ਾਂ ਪੈਕ ਕਰਵਾਈਆਂ । ਪਤੀ ਨੇ ਪੈਸੇ ਅਦਾਅ ਕੀਤੇ ਤੇ ਦੋਵੇਂ ਚੁਪਚਾਪ ਅੱਗੇ ਨੂੰ ਤੁਰ ਪਏ ।

'ਮੈਂ ਸੋਚਿਆ ਕੁਝ ਚੀਜ਼ਾਂ ਲੈਂਦੀ ਜਾਵਾਂ ਪੰਜਾਬ ਜਾ ਕੇ ਸਹੇਲੀਆਂ ਨੂੰ ਪਰੀਜ਼ੈਂਟ ਵੀ ਤੇ ਕਰਨੀਆਂ ਨੇ ।'

'ਇਹੋ ਜਿਹੀਆਂ ਤਾਂ ਅੱਗੇ ਵੀ ਬਹੁਤ ਸਾਰੀਆਂ ਘਰ ਪਈਆਂ ਨੇ ।' ਪਤੀ ਨੇ ਕੁਝ ਝਿਜਕਦਿਆਂ ਹੋਇਆਂ ਕਿਹਾ ।

'ਤੁਸੀਂ ਸਮਝਦੇ ਨਹੀਂ', ਇਹ ਚੀਜ਼ਾਂ ਬਿਲਕੁਲ ਵਖਰੀਆਂ ਵੀ ਨੇ ਤੇ ਜ਼ਿਆਦਾ ਖ਼ੂਬਸੂਰਤ ਵੀ ।'

ਪਤੀ ਨੇ ਅੱਗੋਂ ਬਹਿਸ ਕਰਨੀ ਠੀਕ ਨਾ ਸਮਝੀ ।

'ਕਾਫ਼ੀ ਕਿਉਂ ਨਾ ਪੀਤੀ ਜਾਏ ?' ਪਤੀ ਨੇ ਗੱਲ ਪਰਤਾਂਦਿਆਂ ਕਿਹਾ । ਊਹੂੰ, ਅਜ ਤੋਂ ਕਿਸੀ ਅੱਛੀ ਸੀ ਜਗ੍ਹਾ ਆਈਸ ਕਰੀਮ ਲੈਂਗੇ ।'

'ਪਤਾ ਨਹੀਂ ਨੀਰੂ ਤੈਨੂੰ ਕੀ ਹੁੰਦਾ ਜਾਂਦਾ ਏ !'

'ਇਹ ਬਠਿੰਡਾ ਨਹੀਂ ਸ੍ਰੀਮਾਨ ਜੀ ਬੰਬਈ ਏ ।' ਤਨਜ਼ੀਆ ਹਾਸਾ ਹੱਸਦੀ ਹੋਈ ਪਤਨੀ ਨੇ ਕਿਹਾ । ਪਤੀ ਪਤਨੀ ਦਾ ਮੂੰਹ ਵੇਖਣ ਲੱਗਾ ।

'ਨਨ੍ਹੇ ਬਈ ਹੁਣ ਜਾਹ ਆਪਣੀ ਮੰਮੀ ਕੋਲ ।' ਪਤੀ ਨੇ ਬੱਚਾ ਪੱਤਨੀ ਵਲ ਕਰਦਿਆਂ ਕਿਹਾ ।

'ਕੀ ਚੰਗਾ ਲਗਦਾ ਏ ਬੱਚੇ ਨੂੰ ਇਸ ਤਰ੍ਹਾਂ ਚੁੱਕੀ ਫਿਰਨਾ......? ਸਾੜ੍ਹੀ ਵੱਟੋ ਵੱਟ ਹੋ ਰਹੀ ਏ...ਕਿੰਨੀ ਵਾਰੀ ਆਖਿਆ ਏ ਤੁਹਾਨੂੰ ਆਇਆ ਲਈ..... ।' ਪਤਨੀ ਨੇ, ਔਖੀ ਜਿਹੀ ਹੁੰਦੀ ਨੇ ਬੱਚਾ ਬਾਂਹ ਤੇ ਰੱਖ ਲਿਆ ਤੇ ਚੀਜ਼ਾਂ ਵਾਲਾ ਲੰਮੀ ਤਣੀ ਵਾਲਾ ਬੈਗ ਪਤੀ ਦੇ ਮੋਢੇ, ਤੇ ਟੰਗ ਦਿੱਤਾ ।

ਹੁਣ ਉਹ ਇਕ-ਖ਼ੂਬਸੂਰਤ ਜਿਹੇ ਰੈਸਟੋਰੈਂਟ 'ਚ ਸਨ । ਹਾਲੀ ਭੀੜ ਨਹੀਂ ਸੀ ਤੇ ਮਾਹੌਲ ਬੜਾ ਮੋਕਲਾ ਤੇ ਖ਼ੁਸ਼ਨੁਮਾ ਲੱਗ ਰਿਹਾ ਸੀ । ਪਤਨੀ ਖ਼ੁਸ਼ ਸੀ । ਉਹ ਆਮੋ ਸਾਹਮਣੇ ਬੈਠੇ ਸਨ । ਪਤਨੀ ਨੇ ਬੱਚੇ ਨੂੰ ਕਾਰਪੈੱਟ ਤੇ ਬਿਠਾ ਦਿੱਤਾ ਸੀ ਤੇ ਉਹ ਹੁਣ ਏਧਰ ਓਧਰ ਰਿੜ੍ਹਣ ਲੱਗਾ ਸੀ ।

'ਜੀਊਣ, ਤਾਂ ਵੱਡੇ ਸ਼ਹਿਰਾਂ ਦਾ......।' ਪਤਨੀ ਨੇ ਕਿਹਾ ।

'ਹੁਣ ਤਾਂ ਸਾਡਾ ਸ਼ਹਿਰ ਵੀ ਤਰੱਕੀ ਕਰ ਗਿਆ ਏ ।'

'ਹੂੰ ਬਠਿੰਡਾ......।' ਪਤਨੀ ਨੇ ਨੱਕ ਚੜ੍ਹਾਇਆ । ਹੁਣ ਉਹ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਚੀਜ਼ਾਂ ਨੂੰ ਪਰਖਣ ਲੱਗੇ ।'

'ਕਿੰਨਾ ਆਧੁਨਿਕ ਏ ।' ਪਤਨੀ ਨੇ ਅੱਖਾਂ ਨਚਾਂਦਿਆਂ ਕਿਹਾ । ਪਤੀ ਚੁੱਪ ਸੀ । ਬਹਿਰਾ ਕੋਲ ਆਇਆ ਤਾਂ ਪਤਨੀ ਨੇ ਪਤੀ ਵਲ ਵੇਖਦਿਆਂ ਹੋਇਆਂ ਦੋ ਆਈਸਕਰੀਮਾਂ ਦਾ ਆਰਡਰ ਦੇ ਦਿੱਤਾ ।

'ਦੁਨੀਆਂ ਕਿੰਨੀ ਛੇਤੀ ਬਦਲਦੀ ਜਾ ਰਹੀ ਏ......ਸਾਨੂੰ ਵੀ ਜ਼ਰੂਰ ਦੁਨੀਆਂ ਦੇ ਨਾਲ ਬਦਲ ਜਾਣਾ ਚਾਹੀਦਾ ਏ, ਆਧੁਨਿਕਤਾ ਇਸੇ ਚ ਈ ਏ ਕਿ ਅਸੀਂ ਆਪ ਬਦਲਦੀਆਂ ਚੀਜ਼ਾਂ ਨਾਲ ਬਦਲਦੇ ਰਹੀਏ । ਪਤਨੀ ਨੇ ਇਕ ਤਰ੍ਹਾਂ ਪਤੀ ਨੂੰ ਸਮਝਾਂਦਿਆਂ ਹੋਇਆਂ ਕਿਹਾ, ਤੇ ਕਿਹਾ — 'ਕਿਹਾ ਸੀ ਉਹ ਲੈਮਨ ਵਾਲੀ ਸ਼ਰਟ ਪਾਓ, ਬੱਸ ਓਹੀ ਮੈਲੀ ਕੁਚੈਲੀ ਕਮੀਜ਼ ਪਾ ਕੇ ਤੁਰ ਪਏ, ਕਿੰਨੀਆਂ ਕਮੀਜ਼ਾਂ ਤੁਹਾਡੀਆਂ ਮੈਂ ਹੁਣੇ ਹੁਣੇ ਬਣਵਾਈਆਂ ਨੇ......

ਕੀ ਚੰਗਾ ਲਗਦਾ ਏ ਬੱਚੇ ਨੂੰ ਇਸ ਤਰ੍ਹਾਂ ਚੁੱਕੀ ਫਿਰਨਾ ? ਸਾੜ੍ਹੀ ਵੱਟੋ ਵੱਟ ਹੋ ਰਹੀ ਏ ... ਕਿੰਨੀ ਵਾਰੀ ਆਖਿਆ ਏ ਤੁਹਾਨੂੰ ...

ਨਹੀਂ ਪਹਿਲਾਂ ਵਾਲੀਆਂ ਤਾਂ ਆਊਟ ਆਫ਼ ਫ਼ੈਸ਼ਣ ਸਨ......

'ਅਸਲ 'ਚ ਚੀਜ਼ਾਂ ਏਨੀ ਜਲਦੀ ਨਹੀਂ ਬਦਲਦੀਆਂ......।' ਪਤੀ ਨੇ ਇਕ ਦਾਰਸ਼ਨਿਕ ਵਾਂਗ ਕਿਹਾ।

ਸਾਹਮਣੇ ਇਕ ਬੜਾ ਫ਼ੈਸ਼ਨੇਬਲ ਜੋੜਾ ਆ ਕੇ ਬੈਠ ਚੁਕਾ ਸੀ। ਪਤਨੀ ਨੇ ਮਰਦ ਵਲ ਵੇਖਿਆ ਤਾਂ ਵੇਖਦੀ ਰਹਿ ਗਈ। ਕਿੰਨੇ ਜਚਵੇਂ ਕਪੜ ਪਾ ਰੱਖੇ ਸਨ, ਕਿੰਨਾ ਸਮਾਰਟ ਲੱਗ ਰਿਹਾ ਸੀ।

'ਨੰਨੇ ਵਲ ਤਾਂ ਵੇਖਿਆ ਹੁੰਦਾ... ।' ਉਹਨੇ ਪਤੀ ਨੂੰ ਹੌਲੀ ਦੇਣੀ ਪਰ ਗੁੱਸੇ ਨਾਲ ਕਿਹਾ। ਬੱਚਾ ਕੁਰਸੀਆਂ ਵਿਚਕਾਰ ਘਿਸੜਦਾ ਹੋਇਆ ਹਾਲ ਦੇ ਦੂਜੇ ਬੰਨੇ ਪਹੁੰਚ ਗਿਆ ਸੀ। ਪਤੀ ਉਠਿਆ ਤੇ ਬੱਚੇ ਨੂੰ ਚੁੱਕ ਲਿਆਇਆ। ਹਾਲ 'ਚ ਬੈਠੇ ਲੋਕਾਂ ਨੇ ਇਕ ਦੂਜੇ ਵਲ ਤੱਕਿਆ ਤੇ ਮੁਸਕਰਾ ਪਏ।

'ਹੁਣ ਆਪ ਈ ਸੋਚੋ ਆਇਆਂ ਕਿੰਨੀ ਜ਼ਰੂਰੀ ਏ, ਸਾਰਿਆਂ ਦੀਆਂ ਨਜ਼ਰਾਂ ਸਾਨੂੰ ਕਿੰਨਾ ਜ਼ਲੀਲ ਕਰ ਰਹੀਆਂ ਨੇ, ਪਤਨੀ ਨੇ ਮੱਥੇ ਤੇ ਤਿਊੜੀ ਪਾਂਦਿਆਂ ਕਿਹਾ ਤੇ ਕਿਹਾ, 'ਆਹ ਟਾਈ ਤੁਹਾਨੂੰ ਕਿਸ ਕਿਹਾ ਸੀ ਲਾਉਣ ਨੂੰ ਬਿਲਕੁਲ ਨਹੀਂ ਜੱਚ ਰਹੀ ਇਸ ਕਮੀਜ਼ ਨਾਲ......' ਅੱਗੋਂ ਉਹ ਕੁਝ ਕਹਿੰਦੀ ਕਹਿੰਦੀ ਰੁਕ ਗਈ। ਪਰ ਫੇਰ ਰੁਕ ਕੇ ਕਿਹਾ — "ਕਿੰਨੀ ਵਾਰ ਕਿਹਾ ਏ ਕਿਸੇ ਚੰਗੇ ਜਿਹੇ ਹੇਅਰ ਡਰੈਸਰ ਤੋਂ ਵਾਲ ਬਣਵਾਇਆ ਕਰੋ।" ਸਾਹਮਣੇ ਬੈਠੇ ਮਰਦ ਦੇ ਉੱਡਡੇ ਉੱਡਦੇ ਕਰਲੀ ਵਾਲ ਉਹਨੂੰ ਮੋਹਨ ਲੱਗੇ।

> "ਕਿੰਨੀ ਵਾਰ ਕਿਹਾ ਏ ਕਿਸੇ ਚੰਗੇ ਜਿਹੇ ਹੇਅਰ ਡਰੈਸਰ ਤੋਂ ਵਾਲ ਬਣਵਾਇਆ ਕਰੋ।" ਸਾਹਮਣੇ ਬੈਠੇ ਮਰਦ ਦੇ ਉੱਡਦੇ ... ... ...

'ਤੈਨੂੰ ਹੋਈ ਕੀ ਜਾਂਦਾ ਏ ਨੀਰੂ!' ਪਤੀ ਨੇ ਏਨਾ ਕਿਹਾ ਤੇ ਚੁੱਪ ਹੋ ਗਿਆ।

'......ਤੁਸੀਂ ਕੋਈ ਬੱਚੇ ਤਾਂ ਨਹੀਂ ਤੁਹਾਨੂੰ ਹਰ ਗੱਲ ਸਮਝਾਈ ਜਾਏ......ਜੁਰਾਬਾਂ ਈ ਦੇਖ ਲਵੋ ਕੀ ਜਚ ਰਹੀਆਂ ਨੇ?' ਪਤਨੀ ਨੇ ਥੋੜ੍ਹਾ ਧੀਰੇ ਕਿਹਾ।

'ਕਿਹੜੀਆਂ ਪਾਂਦਾ? ਸਭ ਮੈਲੀਆਂ ਨਰਕ, ਬੱਸ ਆਪੇ ਧੋਵੋ ਆਪੇ ਪਾਓ — ਤੈਨੂੰ ਸਹੇਲੀਆਂ ਤੋਂ ਵਿਹਲ ਵੀ ਮਿਲੇ......।' ਪਤੀ ਨੇ ਐਤਕੀਂ ਥੋੜ੍ਹਾ ਤਲਖ ਹੁੰਦਿਆਂ ਕਿਹਾ।

'ਮੇਰੀਆਂ ਸਹੇਲੀਆਂ ਪੁਨਣ ਦਾ ਤੁਹਾਨੂੰ ਹੱਕ ਨਹੀਂ।'

'ਤੈਨੂੰ ਕੀ ਹੱਕ ਏ ਮੈਨੂੰ ਪੁਨਣ ਦਾ?' ਪਤੀ ਨੇ ਖ਼ਾਸੀ ਤਲਖੀ ਨਾਲ ਕਿਹਾ।

'ਤੁਸੀਂ ਗੱਲ ਨੂੰ ਸਮਝਦੇ ਨਹੀਂ ਪਏ......।' ਪਤਨੀ ਨੇ ਕੁਝ ਨਰਮ ਪੈਂਦੀ ਨੇ ਕਿਹਾ। ਪਤੀ ਨੇ ਹੁਣ ਚੁੱਪ ਰਹਿਣਾ ਹੀ ਠੀਕ ਸਮਝਿਆ।

ਪਤਨੀ ਸਿਰ ਝੁਕਾਈ ਕੁਝ ਸੋਚੀ ਜਾ ਰਹੀ ਸੀ। ਅਚਾਨਕ ਨਜ਼ਰਾ ਉਠਾ ਕੇ ਉਸ ਪਤਨੀ ਵੱਲ ਵੇਖਿਆ ਤਾਂ ਉਹਦਾ ਸਿਰ ਵੀ ਝੁਕਿਆ ਹੋਇਆ ਸੀ। ਬੱਚਾ ਮਾਂ ਕੋਲ ਬੈਠਾ ਮੇਜ਼ ਤੇ ਹੱਥ ਮਾਰ ਮਾਰ ਖੇਡ ਰਿਹਾ ਸੀ। ਪਤਨੀ ਨੂੰ ਜਾਪਿਆ ਪਤੀ ਕਾਫ਼ੀ ਹੱਦ ਤੱਕ ਬੁਰਾ ਮਨਾ ਗਿਆ ਸੀ।

'ਕੁਝ ਐਸਾ ਬੁਰਾ ਵੀ ਤੇ ਨਹੀਂ......ਜਾਂ ਫਿਰ ਮੈਨੂੰ ਈ ਕੁਝ ਹੋਈ ਜਾਂਦੈ।' ਮਨ ਹੀ ਮਨ 'ਚ ਉਹ ਆਪਣੇ ਆਪ 'ਤੇ ਸਖ਼ਤ ਝੁੰਜਲਾ ਰਹੀ ਸੀ।

ਪਤਨੀ ਦੀਆਂ ਨਜਾਇਜ਼ ਗੱਲਾਂ ਪਤੀ ਨੂੰ ਜ਼ਖ਼ਮੀ ਜਿਹਾ ਕਰ ਗਈਆਂ ਸਨ, ਤੇ ਮਨ ਹੀ ਮਨ 'ਚ ਉਹ ਸ਼ਾਇਦ ਕਿੱਥੋਂ ਤੱਕ ਸੋਚ ਗਿਆ ਸੀ......

ਬੱਚੇ ਨੂੰ ਚੁੱਕ ਕੇ ਉਹਨੇ ਮੇਜ਼ ਤੇ ਬਿਠਾ ਦਿੱਤਾ ਤੇ ਪਿਆਰ ਨਾਲ ਉਹਦੀਆਂ ਗੱਲ੍ਹਾਂ ਥਾਪੜਣ ਲੱਗੀ। 'ਕੀ ਖਾਏਗਾ ਮੇਰਾ ਬੱਚੂ? ਦੱਸੋ ਕਿਹੜੀ ਚੀਜ਼ ਇਹਨੂੰ ਲੈ ਦੇਈਏ ਜ਼ਰਾ ਧਿਆਨੇ ਈ ਲੱਗ ਜਾਏ।'

ਪਤੀ ਨੇ ਨਾ ਬੱਚੇ ਵੱਲ ਵੇਖਿਆ ਤੇ ਨਾ ਹੀ ਬੋਲਿਆ।

'ਤੁਸੀਂ ਤਾਂ ਬੁਰਾ ਈ ਮੰਨ ਗਏ, ਅਸਲ 'ਚ ਮੇਰਾ ਇਹ ਮਤਲਬ ਨਹੀਂ ਸੀ।...ਤੁਸੀਂ ਆਪਣੀ ਪੁਜ਼ੀਸ਼ਨ ਦਾ ਖ਼ਿਆਲ ਨਹੀਂ ਰੱਖਦੇ,...ਹੁਣ ਵੇਖੋ ਮਿਸਟਰ ਗਿੱਲ ਵੀ ਤਾਂ ਹੈ, ਤੁਹਾਡਾ ਜੂਨੀਅਰ ਏ ਪਰ ਸਲੀਕਾ ਕਮਾਲ ਦਾ ਏ...ਅਫ਼ਸਰ ਤੱਕ ਹੱਥ ਮਿਲਾਂਦੇ ਫਿਰਦੇ ਨੇ ਉਹਦੇ ਨਾਲ ....."

ਪਤੀ ਨੇ ਸਿਰ ਉੱਚਾ ਚੁੱਕਿਆ ਤੇ ਪਤਨੀ ਵਲ ਵੇਖਿਆ। ਉਹਦੀਆਂ ਨਜ਼ਰਾਂ 'ਚ ਹਾਲੀ ਵੀ ਗੁੱਸਾ ਝਲਕ ਰਿਹਾ ਸੀ।

... ਉਹ ਕਲੱਬ ਨਹੀਂ ਜਾਂਦੀ, ਪਿਕਨਿਕ ਨਹੀਂ ਜਾਂਦੀ... ਕਦੀ ਉਹਨਾਂ ਦੇ ਘਰ ਕੋਈ ਆਉਂਦ ਨਹੀਂ।" ਉਹ ... ... ...

'ਚੱਲੋ, ਹੁਣ ਮੁਆਫ਼ੀ ਦਿਓ.. ਪਤਨੀ ਨੇ ਮੁਸਕਰਾਂਦਿਆਂ ਹੋਇਆਂ ਖ਼ੁਸ਼ਾਮਦ ਕੀਤੀ। ਸਾਹਮਣੇ ਬੈਠਾ ਜੋੜਾ ਜਾ ਚੁੱਕਾ ਸੀ।

'ਕਿੰਨੀ ਦੇਰ ਹੋ ਗਈ ਆਰਡਰ ਲੈ ਕੇ ਗਏ ਨੂੰ।' ਪਤਨੀ ਨੂੰ ਜਿਵੇਂ ਕੁਝ ਯਾਦ ਆਇਆ। ਪਤੀ ਨੇ ਕਾਲ ਬੈੱਲ ਵਜਾਈ, ਕਾਫ਼ੀ ਦੇਰ ਕੋਈ ਨਾ ਆਇਆ, ਪਤੀ ਖ਼ਫ਼ਾ ਹੁੰਦਾ ਹੋਇਆ, ਉਠ ਕੇ ਕਾਊਂਟਰ ਵਲ ਤੁਰ ਪਿਆ।

......ਸਾਬ ਆਪ ਬੈਠੀਏ, ਅਭੀ ਭੇਜਤਾ ਹੂੰ...।' ਮੈਨੇਜਰ ਨੇ ਆਜਜ਼ੀ ਨਾਲ ਕਿਹਾ।

'......ਮੇਰਾ ਯਹ ਮਤਲਬ ਨਹੀਂ ਲੇਕਿਨ ਸਰਵਿਸ ਅੱਛੀ ਜਗ੍ਹਾ ਕੁਇਕ ਹੋਣੀ ਹੀ ਚਾਹੀਏ...।' ਪਤੀ ਦੀ ਅਵਾਜ਼ 'ਚ ਤਲਖ਼ੀ ਸੀ।

ਉਹ ਪਰਤ ਕੇ ਆਇਆ ਤਾਂ ਚੁਪ ਚਾਪ ਆਪਣੀ ਸੀਟ ਤੇ ਬੈਠ ਗਿਆ। ਬੱਚਾ ਹਾਲੀ ਵੀ ਜ਼ਿਦ ਕਰ ਰਿਹਾ ਸੀ।

''ਨੰਨ੍ਹਾ ਬੱਚੂ ਆਈਸਕਰੀਮ ਖਾਏਗਾ ਹੈ ਨਾ ਬਾਬਾ।' ਪਤਨੀ ਨੇ ਬੱਚੇ ਦੀ ਗੱਲ੍ਹ ਤੇ ਉਂਗਲੀ ਰੱਖਦਿਆਂ ਕਿਹਾ। ਹਾਲੀ ਤੱਕ ਆਈਸ ਕਰੀਮ ਨਹੀਂ ਸੀ ਆਈ। ਪਤੀ ਖਿੱਝਣ ਲੱਗਾ। ਪਤਨੀ ਨੂੰ ਜਾਪਿਆਂ ਪਤੀ ਹਾਲੀ ਤੱਕ ਵੀ ਸਹਿਜ ਅਵਸਥਾ 'ਚ ਨਹੀਂ ਸੀ ਆਇਆ ਤੇ ਆਪਣਾ ਗੁੱਸਾ ਹੋਟਲ ਵਾਲਿਆਂ ਤੇ ਕੱਢ ਰਿਹਾ ਸੀ।

'ਦੇਖੋ, ਪਤਨੀ ਨੇ ਕਿਹਾ 'ਆਪਣੇ ਮਨੋਂ ਤਾਂ ਮੈਂ ਤੁਹਾਨੂੰ ਕੋਈ ਐਸੀ ਗੱਲ ਨਹੀਂ ਕਹੀ. ਪਰ ਜ਼ਮਾਨਾ ਬਹੁਤ ਬਦਲ ਗਿਆ ਏ, ਸਾਨੂੰ ਇਕ ਦੂਜੇ ਨਾਲ ਰੁੱਸਣ ਦੀ ਬਜਾਏ, ਇਨ੍ਹਾਂ ਗੱਲਾਂ ਤੇ ਖੁਲ੍ਹ ਕੇ ਚਰਚਾ ਕਰਨੀ ਚਾਹੀਦੀ ਏ। ਆਖ਼ਰ ਮੇਰੇ ਵੀ ਤਾਂ ਕੋਈ ਹੱਕ ਨੇ......।'

'ਤੂੰ ਖ਼ੁਸ਼ੀ ਨਾਲ ਆਪਣੇ ਹੱਕ ਵਰਤ ਸਕਨੀ ਏਂ।' ਪਤੀ ਇਹ ਕਹਿ ਕੇ ਆਪਣੇ ਆਪ ਤੇ ਵੀ ਹੈਰਾਨ ਸੀ।

ਪਤਨੀ ਅਜੀਬ ਜਿਹੀਆਂ ਤਲਖ਼ ਨਜ਼ਰਾਂ ਨਾਲ ਪਤੀ ਵਲ ਵੇਖਣ ਲੱਗੀ।

'ਅਸੀਂ ਤਾਂ ਸੈਰ ਕਰਨ ਆਏ ਸਾਂ, ਫ਼ਿਰ ਏਨੀ ਚੰਗੀ ਜਗ੍ਹਾ ਤੇ ਬੈਠ ਕੇ-ਵੀ...।' ਅਗੋਂ ਪਤਨੀ ਦਾ ਜਿਵੇਂ ਗੱਚ ਭਰ ਆਇਆ।

'ਹਾਂ ਸੈਰ ਕਰਨ ਹੀ ਆਏ ਸਾਂ...।' ਪਤੀ ਨੇ ਤਨਜ਼ੀਆ ਲਹਿਜੇ 'ਚ ਕਹਿੰਦਿਆਂ ਬਾਰੀ 'ਚੋਂ ਬਾਹਰ ਵੇਖਿਆ।

ਬਹਿਰਾ ਆਇਆ ਤੇ ਖ਼ੁਸ਼ਨੁਮਾ ਮਹਿਕ ਵਾਲੇ ਆਈਸ ਕਰੀਮ ਦੇ ਦੋ ਕੱਪ ਮੇਜ਼ 'ਤੇ ਟਿਕਾਅ ਗਿਆ। ਪਤਨੀ ਬੱਚੇ ਨੂੰ ਆਈਸ ਕਰੀਮ ਖੁਆ ਰਹੀ ਸੀ ਪਤੀ ਉਂਜ ਦਾ ਉਂਜ ਸਾਹਮਣੀ ਦੀਵਾਰ ਵਲ ਘੂਰ ਰਿਹਾ ਸੀ। ਬੱਚਾ ਖ਼ੁਸ਼ੀ ਨਾਲ ਮਚਲ ਰਿਹਾ ਸੀ। ਪਤੀ ਬਹੁਤਾ ਚਿਰ ਚੁੱਪ ਨਾ ਰਹਿ ਸਕਿਆ ਤੇ ਬੱਚੇ ਦੀ ਖ਼ੁਸ਼ੀ 'ਚ ਖ਼ੁਸ਼ ਹੋਣ ਲੱਗਾ ਤੇ ਆਪ ਖਾਣ ਦੀ ਬਜਾਏ ਬਚੇ ਦੇ ਮੂੰਹ 'ਚ ਆਈਸ ਕਰੀਮ ਦੇ ਚਮਚੇ ਪਾਣ ਲੱਗਾ। ਪਤਨੀ ਅਰਾਮ ਨਾਲ ਆਈਸ ਕਰੀਮ ਖਾਣ ਲੱਗੀ। ਹੁਣ ਦੋਹਾਂ 'ਚ ਕੋਈ ਗੱਲ ਨਹੀਂ ਸੀ ਹੋ ਰਹੀ।

ਪਤੀ ਨੇ ਬਹਿਰੇ ਨੂੰ ਸੱਦਿਆ ਤੇ ਇਕ ਕਾਫ਼ੀ ਦਾ ਆਰਡਰ ਦੇ ਦਿੱਤਾ।

ਪਤਨੀ ਨੇ ਵੇਖਿਆ ਪਤੀ ਸਾਹਮਣੀ ਦੀਵਾਰ ਵਲ ਘੂਰ ਰਿਹਾ ਸੀ। ਪਤਨੀ ਨੇ ਪਿਛਾਂਹ ਵੇਖਿਆ ਪਹਾੜੀ ਚਸ਼ਮੇ ਦੀ ਪੇਂਟਿੰਗ ਸੀ।

'ਕੈਸੀ ਲੱਗ ਰਹੀ ਹੈ ਪੇਂਟਿੰਗ ?' ਪਤਨੀ ਨੇ ਗੱਲ ਕਰਨ ਖ਼ਾਤਰ ਕਿਹਾ।

'ਚੰਗੀ ਏ' ਪਤੀ ਨੇ ਸੰਖੇਪ ਜਿਹਾ ਉੱਤਰ ਦਿੱਤਾ।

ਬਹਿਰਾ ਕਾਫ਼ੀ ਦਾ ਕੱਪ ਰੱਖਣ ਆਇਆ ਤਾਂ ਪਤੀ ਨੇ ਪਤਨੀ ਲਈ ਇਕ ਕੱਪ ਹੋਰ ਆਈਸ ਕਰੀਮ ਲਿਆਉਣ ਲਈ ਕਿਹਾ।

'ਮਿਸਿਜ਼ ਗਿੱਲ ਦਾ ਘਰ ਵੇਖਿਆ ਜੇ, ਕਿੰਨੀ ਅੱਛੀ ਪੇਂਟਿੰਗ ਲਗਾਈ ਹੋਈ ਏ, ਸਿਟਿੰਗ ਰੂਮ 'ਚ।' ਪਤੀ ਕੁਝ ਨਾ ਬੋਲਿਆ। ਪਤਨੀ ਨੇ ਹੀ ਕਿਹਾ, ''ਗਜ਼ਬ ਦੀ ਚਾਇਸ ਏ ਮਿਸਟਰ ਗਿੱਲ ਦੀ।'

'ਸਭ ਮਿਸਿਜ਼ ਗਿੱਲ ਦੀ ਬਦੌਲਤ ਏ।' ਗਰਮ ਕਾਫ਼ੀ ਦਾ ਘੁੱਟ ਹਲਕ 'ਚ ਉਤਾਰਦਿਆਂ ਪਤੀ ਨੇ ਕਿਹਾ।

'ਇਹ ਸਭ ਮਿਸਟਰ ਗਿੱਲ ਸਦਕਾ ਏ।'

... ਕੋਈ ਅੱਛੀ ਜਿਹੀ ਪੇਂਟਿੰਗ, ਕੋਈ ਨਵੇਂ ਢੰਗ ਦਾ ਡੈਕੋਰੇਸ਼ਨ ਪੀਸ ... ਸੱਚੀਂ ਦੰਗ ਰਹਿ ਜਾਈਦਾ ਏ ਚੀਜ਼ਾਂ ਵੇਖ ਵੇਖ।" ਵੇਖ... ...

ਪਤੀ ਪਤਨੀ ਵੱਲ ਤਿੱਖੀਆਂ ਨਜ਼ਰਾਂ ਨਾਲ ਝਾਕਦਾ ਰਹਿ ਗਿਆ।

ਬੱਚਾ ਰੱਜ ਗਿਆ ਸੀ ਤੇ ਖ਼ੁਸ਼ੀ 'ਚ ਕਿਲਕਾਰੀਆਂ ਮਾਰ ਰਿਹਾ ਸੀ।

'ਸਾਡੇ ਨਾਲੋਂ ਬਹੁਤਾ ਖ਼ੁਸ਼ ਤਾਂ ਇਹ ਵੇ...ਘਰ 'ਚ ਕਿਵੇਂ ਰੋਂਦਾ ਰਹਿੰਦਾ ਏ। ਗੱਡੀ ਤਾਂ ਘਰ ਹੈ, ਬੱਸ ਆਇਆ ਦੀ ਕਮੀ ਏ, ਨਹੀਂ ਬੱਚੇ ਨੂੰ ਰੋਜ਼ ਸੈਰ ਕਰਾਉਣੀ ਚਾਹੀਦੀ ਏ।'

'ਮਿਸਿਜ਼ ਕੇਵਲ ਨੂੰ ਨਹੀਂ ਵੇਖਦੀ, ਸਾਹਮਣੀ ਗਰਾਉਂਡ 'ਚ ਰੋਜ਼ ਬੱਚੇ ਨੂੰ ਸੈਰ ਕਰਾਉਣ ਆਉਂਦੀ ਏ।'

'ਤੁਸੀਂ ਨਹੀਂ ਸਮਝਦੇ, ਆਪੋ ਆਪਣੀਆਂ ਸੋਸ਼ਲ ਟਾਈਜ਼ ਨੇ, ਉਹ ਕਲੱਬ ਨਹੀਂ ਜਾਂਦੀ, ਪਿਕਨਿਕ ਨਹੀਂ ਜਾਂਦੀ...ਕਦੀ ਉਹਨਾਂ ਦੇ ਘਰ ਕੋਈ ਆਉਂਦਾ ਨਹੀਂ।'

'ਉਹ ਬੱਚਿਆਂ ਦਾ ਕਿੰਨਾ ਖ਼ਿਆਲ ਰਖਦੀ ਏ।'

'ਓਹੋ, ਮੈਂ ਤਾਂ ਤੰਗ ਆ ਗਈ ਆਂ...ਕੀ ਅਸੀਂ ਕੇਵਲ ਬੱਚਿਆਂ ਲਈ ਹੀ ਜੀਉਂਦੇ ਹਾਂ, ਸਾਡੀ ਆਪਣੀ ਕੋਈ ਸ਼ਖ਼ਸੀਅਤ ਨਹੀਂ ?'

'ਬੱਚੇ ਤੁਸੀਂ ਪੈਦਾ ਕਰਦੇ ਹੋ ਤਾਂ ਤੁਹਾਡਾ ਉਹਨਾਂ ਤਾਈਂ ਫ਼ਰਜ਼ ਵੀ ਏ।'

'ਫ਼ਰਜ਼ ਆਪਣਾ ਕੌਣ ਨਹੀਂ ਨਿਭਾ ਰਿਹਾ ਤੁਸੀਂ ਤਾਂ ਖ਼ਾਹ ਮਖ਼ਾਹ ਲੜ ਰਹੇ ਓ।

'ਹੱਛਾ ਹੁਣ ਚੁਪ ਕਰ ਲੋਕ ਆ ਰਹੇ ਨੇ।' ਪਤੀ ਨੂੰ ਪਤਨੀ ਦੇ ਖਿਝਣ ਤੇ ਮਜ਼ਾ ਆ ਰਿਹਾ ਸੀ।

'ਮੈਨੂੰ ਤੇ ਸੱਚੀਂ ਲੋਕਾਂ ਦੇ ਘਰ ਵੇਖ ਵੇਖ ਰੀਝ ਆਉਂਦੀ ਏ, ਕਿੰਨੀ ਖ਼ੂਬਸੂਰਤੀ ਨਾਲ ਘਰ ਸਜਾ ਰਹੇ ਨੇ... ਕੋਈ ਅੱਛੀ ਜਿਹੀ ਪੇਂਟਿੰਗ, ਕੋਈ ਨਵੇਂ ਢੰਗ ਦਾ ਡੈਕੋਰੇਸ਼ਨ ਪੀਸ...ਸੱਚੀਂ ਦੰਗ ਰਹਿ ਜਾਈਦਾ ਏ ਚੀਜ਼ਾਂ ਵੇਖ ਵੇਖ।

'ਵੇਖ ਇਹ ਤਾਂ ਉਹਨਾਂ ਦੀ ਪਲੈਨਿੰਗ ਏ...ਤੂੰ ਤਾਂ ਕਪੜਿਆਂ ਤੇ ਈ...।

'ਤੁਹਾਡਾ ਇਹ ਇਲਜ਼ਾਮ ਸਰਾਸਰ ਬੇ-ਬੁਨਿਆਦ ਏ, ਹੁਣ ਤੱਕ ਦੀਆਂ ਬਹੁਤੀਆਂ ਸਾੜ੍ਹੀਆਂ ਮੇਰੇ ਪੇਕਿਆਂ ਦੀਆਂ ਨੇ।' ਪਤਨੀ ਹੁਣ ਖ਼ਾਸੀ ਗਰਮ ਹੋ ਰਹੀ ਸੀ।

ਪਤੀ ਨੇ ਹੁਣ ਚੁਪ ਰਹਿਣਾ ਹੀ ਠੀਕ ਸਮਝਿਆ। ਹੁਣ ਕੁਝ ਹੋਰ ਲੋਕ ਵੀ ਅੰਦਰ ਆ ਬੈਠੇ ਸਨ। ਬੱਚਾ ਜ਼ਰਾ ਪਰ੍ਹਾਂ ਚਲਾ ਗਿਆ ਸੀ। ਪਿਤਾ ਨੇ ਲਾਡ ਨਾਲ ਨਿੱਕੀ ਜਿਹੀ ਚੁਪੇੜ ਮਾਰੀ ਤੇ ਕੋਲ ਲੈ ਆਂਦਾ, ਬੱਚਾ ਖਿੜ-ਖਿੜ ਕਰਕੇ ਹੱਸ ਰਿਹਾ ਸੀ। ਕੁਝ ਲੋਕਾਂ ਨੇ ਮੂੰਹ ਭੁਆ ਕੇ ਬੱਚੇ ਵੱਲ ਵੇਖਿਆ ਤੇ ਮੁਸਕਰਾ ਪਏ।

ਪਤਨੀ ਦਾ ਮੂੰਹ ਹਾਲੀ ਵੀ ਵੱਟਿਆ ਹੋਇਆ ਸੀ।

'ਵੇਖੋ ਮੈਨੂੰ ਇਹ ਲਾਰੇ ਚੰਗੇ ਨਹੀਂ ਲੱਗਦੇ...ਅਖੇ ਨਵੇਂ ਮਾਡਲ ਦਾ ਫ਼ਰਿੱਜ ਲਿਆਂਦਾ ਜਾਏਗਾ, ਫਾਰਨ ਤੋਂ ਟੇਪਰੀਕਾਰਡਰ ਮੰਗਵਾਇਆ ਜਾਏਗਾ...ਪਰ ਉਹੀ ਖੜ ਖੜ ਕਰਦਾ ਫ਼ਰਿੱਜ, ਕਿੰਨੀ ਅਵਾਜ਼ ਪੈਦਾ ਕਰਦਾ ਰਹਿੰਦਾ ਏ ਰਾਤ ਨੂੰ ਨੀਂਦ ਵੀ ਨਹੀਂ ਪੈਂਦੀ......।

'ਵੇਖ ਸਭ ਕੁਝ ਹੋ ਜਾਏਗਾ, ਤੇਰੇ ਭਾਣੇ ਮੈਂ ਘੱਟ ਸੋਚਨਾ ਇਹਨਾਂ ਚੀਜ਼ਾਂ ਬਾਰੇ...ਪਰ ਸਿਰਫ਼ ਚੀਜ਼ਾਂ ਬਾਰੇ ਈ ਸੋਚੀ ਜਾਣਾ ਤਾਂ ਜ਼ਿੰਦਗੀ ਨਹੀਂ।'

ਪਤਨੀ ਨੇ ਪਤੀ ਵੱਲ ਤਨਜ਼ ਕੱਸੀ।

'ਓਹੋ ਮੈਂ ਤੈਨੂੰ ਕਿਵੇਂ ਸਮਝਾਵਾਂ।'

'ਵੇਖੋ ਮੈਂ ਕੰਗਲਿਆਂ ਵਾਂਗ ਨਹੀਂ ਰਹਿਣਾ ਚਾਹੁੰਦੀ...।'

'ਮੈਂ ਕਦੋਂ ਕਹਿਨਾਂ...।'

'ਕਾਰਪੇਟਸ ਤੋਂ ਬਗ਼ੈਰ ਕਮਰੇ ਕਿੰਨੇ ਖ਼ਾਲੀ ਖ਼ਾਲੀ ਲਗਦੇ ਨੇ, ਹੁਣ ਦੇਖੋ ਨੰਨ੍ਹਾ ਕਿੰਨੇ ਮਜ਼ੇ ਨਾਲ ਖੇਡ ਰਿਹਾ ਏ, ਸਾਰੇ ਕਾਰਪੈੱਟ ਵਿਛੀ ਹੋਵੇ ਤਾਂ ਮਜ਼ੇ ਨਾਲ ਬੱਚਾ ਏਧਰ ਓਧਰ ਘੁੰਮ ਸਕਦਾ ਏ।' ਪਤਨੀ ਨੇ ਪਤੀ ਦੀ ਗੱਲ ਕੱਟਦਿਆਂ ਕਿਹਾ।

ਬੱਚਾ ਕੁਝ ਦੂਰ ਇਕ ਮੇਜ਼ ਕੋਲ ਖਲੋਤਾ ਸੀ। ਮੇਜ਼ ਦੁਆਲੇ ਬੈਠਿਆਂ ਨਵਾਂ ਵਿਆਹਿਆ ਜੋੜਾ ਖ਼ੂਬਸੂਰਤ ਭਰਵੇਂ ਬੱਚੇ ਨੂੰ ਵੇਖ ਕੇ ਖ਼ੁਸ਼ ਹੋ ਰਿਹਾ ਸੀ, ਦੋਹਾਂ ਨੇ ਘੜੀ ਪਲ ਬੱਚੇ ਨੂੰ ਉੱਥੇ ਰਹਿਣ ਦੇਣਾ ਹੀ ਠੀਕ ਸਮਝਿਆ।

...ਦੋਨਾਂ ਦੀਆਂ ਅੱਖਾਂ ਉਤਾਂਹ ਉਠਦੀਆਂ, ਫਿਰ ਪਲਕਾਂ ਥੱਲੇ ਡਿੱਗ ਪੈਂਦੀਆਂ, ਦੋਵੇਂ ਆਪਣੀ ਥਾਂ ਗੁੱਸੇ ਵੀ ਸਨ ਤੇ ਸ਼ਰਮਸਾਰ ਵੀ... ਅਜੀਬ ਤਣਾਓ ਸੀ।

'ਵੇਖੋ ਮਿਸਿਜ਼ ਮਹੇਂਦਰ ਨੇ ਨਵਾਂ ਫ਼ਰਿੱਜ ਲਿਆਂਦਾ ਏ, ਪਤਾ ਨਹੀਂ ਕਿਵੇਂ ਸਾਲ ਦੇ ਸਾਲ ਸਾਰੀਆਂ ਚੀਜ਼ਾਂ ਕੱਢ ਦੇਂਦੇ ਨੇ, ਮੁੜ ਨਵੀਆਂ ਲੈ ਆਉਂਦੇ ਨੇ . ਜਦੋਂ ਜਾਓ ਕਾਫ਼ੀ ਪੇਸ਼ ਕਰਦੇ ਨੇ...।'

'ਸੱਚ ਪੁਛਦੀ ਏਂ ਤਾਂ ਮੈਂ ਤੇਰਾ ਉਹਨਾਂ ਦੇ ਘਰ ਜਾਣਾ ਠੀਕ ਹੀ ਨਹੀਂ ਸਮਝਦਾ, ਮੈਨੂੰ ਉਹ ਲੋਕ ਬਹੁਤ ਹੰਕਾਰੇ ਹੋਏ ਲਗਦੇ ਨੇ . ।'

'ਨਹੀਂ ਤੁਸੀਂ ਸਮਝਦੇ ਨਹੀਂ, ਅਸਲ 'ਚ ਅਲਟਰਾ ਮਾਡਰਨ ਨੇ ਅਸੀਂ ਉਹਨਾਂ ਦੀਆਂ ਗੱਲਾਂ ਸਮਝ ਨਹੀਂ ਪਾਂਦੇ.... ।'

'ਉਂਞ...', ਪਤੀ ਨੇ ਖਫ਼ਾ ਹੁੰਦਿਆਂ ਕਿਹਾ, 'ਤੂੰ ਨਹੀਂ ਜਾਣਦੀ ਦੁਨੀਆਂ ਨੂੰ।'

ਪਤਨੀ ਚੁਪ ਚਾਪ ਕੁਝ ਸੋਚ ਰਹੀ ਸੀ। 'ਆਖ਼ਰ ਉਹਨਾਂ 'ਚ ਭੈੜ ਵੀ ਕੀ ਏ।' ਉਹਨੇ ਕਿਹਾ 'ਦੇਖ ਮੈਂ ਮਹੇਂਦਰ ਨਹੀਂ ਬਣ ਸਕਦਾ, ਜੋ ਹਾਂ ਸੋ ਹਾਂ, ਤੇ ਤੈਨੂੰ ਕੋਈ ਮਜਬੂਰੀ ਨਹੀਂ......।'

'ਮੈਂ ਰੋਜ਼ ਰੋਜ਼ ਇਹ ਗੱਲ ਬਰਦਾਸ਼ਤ ਨਹੀਂ ਕਰਾਂਗੀ ।'

'ਮੈਂ ਕਦੋਂ ਕਹਿਨਾਂ ਤੂੰ ਕਰ......।'

'ਇਸ ਗੱਲ ਦਾ ਨਤੀਜਾ ਭੈੜਾ ਨਿਕਲੇਗਾ ।

ਹੁਣ ਦੋਨੋਂ ਪਤੀ ਪਤਨੀ ਨੀਵੀਆਂ ਨਜ਼ਰਾਂ ਕੀਤੀ ਕੁਝ ਸੋਚ ਰਹੇ ਸਨ। ਦੋਨਾਂ ਦੀਆਂ ਅੱਖਾਂ ਉਤਾਂਹ ਉੱਠਦੀਆਂ ਫਿਰ ਪਲਕਾਂ ਥੱਲੇ ਡਿੱਗ ਪੈਂਦੀਆਂ, ਦੋਵੇਂ ਆਪਣੀ ਥਾਂ ਗੁੱਸੇ ਵੀ ਸਨ ਤੇ ਸ਼ਰਮਸਾਰ ਵੀ...ਅਜੀਬ ਤਣਾਓ ਸੀ।

ਬੱਚੇ ਦੀ ਰੋਣ ਦੀ ਅਵਾਜ਼ ਤੇ ਇਕ ਦਮ ਦੋਵੇਂ ਉੱਠ ਖੜੋਤੇ। ਪਤਨੀ ਨੇ ਲਪਕ ਕੇ ਬੱਚੇ ਨੂੰ ਫੜਿਆ ਤਾਂ ਬੱਚੇ ਨੇ ਪਿਸ਼ਾਬ ਕੀਤਾ ਹੋਇਆ ਸੀ। ਲੋਕਾਂ ਦੀਆਂ ਨਜ਼ਰਾਂ ਤੋਂ ਬਚਦੀ ਹੋਈ ਉਹ ਬੱਚੇ ਨੂੰ ਕੇਬਿਨ 'ਚ ਲਿਜਾ ਕੇ ਪੋਟੀ ਬਦਲਣ ਲੱਗੀ। ਪਤੀ ਕਾਊਂਟਰ ਤੇ ਪੈਸੇ ਅਦਾਅ ਕਰਨ ਚਲਾ ਗਿਆ ।

ਸੜਕ ਤੇ ਅਗੜ ਪਿਛੜ ਉਹ ਤੁਰ ਰਹੇ ਸਨ। ਪਤੀ ਕਾਫ਼ੀ ਥੱਕਿਆ ਹੋਇਆ ਜਾਪਦਾ ਸੀ ਤੇ ਪਤਨੀ ਦੇ ਚਿਹਰੇ ਤੇ ਸ਼ਿਕਨ ਸੀ......

# SEMINARS ON PANJABI THEATRE

**Watno Dur Art Foundation plans to conduct a series of seminars on Panjabi Theatre in the near future. The aim is to explore, organise and train local talent to establish a pool of artists for theatrical purposes. First of the seminars is being organised on 25th February (6 p.m. to 9 p.m.) at 4555 Rupert Street, Vancouver, B.C.**

**Topic: Development of Panjabi Theatre in Canada.**

**Main participants: Yog Raj Sedha, Mohan Baggan, Gurdeep Grewal, Mrs. Amrit Maan & Surinder Dhanjal.**

**All interested are cordially invited to attend.**

**for further information, call "Watno Dur" 874-5403, 873-3187**

# ਉਮਰ ਭਰ ਦੀ ਕਮਾਈ

(ਅਜੀਤ ਸਿੰਘ)

'ਆਨੰਦ ਭਵਨ' ਮੇਰੇ ਲਈ ਓਪਰਾ ਨਹੀਂ । ਏਥੋਂ ਦੇ ਰਹਿਣ ਵਾਲਿਆਂ ਨੂੰ ਵੀ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮਿਸਜ਼ ਸਾਹਨੀ, ਬੇ ਜੀ, ਮੋਨਾ, ਦੋ ਨੌਕਰ ਤੇ ਕਾਰ ਦਾ ਡਰਾਈਵਰ। ਕਈ ਵਾਰ ਮੈਂ ਸੋਚਦਾ, ਹਾਂ ਇਨ੍ਹਾਂ ਦੋ ਚਾਰ ਜੀਵਾਂ ਲਈ ਏਨੀ ਵੱਡੀ ਕੋਠੀ ਦੀ ਕੀ ਲੋੜ ਹੈ। ਗਰਮੀਆਂ ਦੀ ਰੁੱਤ ਵਿਚ ਦੁਪਹਿਰ ਨੂੰ ਇਸ ਵਿਚ ਭਿਆਨਕ ਚੁੱਪ ਹੁੰਦੀ ਹੈ। ਥਾਂ ਇਹ ਭਾਵੇਂ ਮੇਰੇ ਲਈ ਓਪਰਾ ਨਹੀਂ, ਪਰ ਏਥੋਂ ਦੀ ਰਹੁ-ਰੀਤ ਤੇ ਚੱਜ-ਆਚਾਰ ਮੇਰੇ ਲਈ ਓਪਰੇ ਹੀ ਨਹੀਂ ਸਗੋਂ ਸਾਹ-ਘੁਟਵੇਂ ਵੀ ਹਨ। ਮਿਸਾਲ ਦੇ ਤੌਰ ਤੇ ਤੁਹਾਨੂੰ ਏਥੇ ਇਕ ਵਿਸ਼ੇਸ਼ ਢੰਗ ਨਾਲ ਚਲਣਾ ਪਵੇਗਾ, ਜਿਸ ਵਿਚ ਗੰਵਾਰਾਂ ਵਾਲੀ ਅੜਕ-ਮੜਕ ਨਾ ਹੋਵੇ। ਚਲਦੇ ਫਿਰਦੇ ਘੱਟ ਤੋਂ ਘੱਟ ਤੁਸੀਂ ਭਲੇ ਮਾਣਸ ਜ਼ਰੂਰ ਲਗੋ, ਨਹੀਂ ਤਾਂ ਬੇ ਜੀ ਦੀ ਟੋਕਾ ਟਾਕੀ ਸ਼ੁਰੂ ਹੋ ਜਾਵੇਗੀ। ਤੁਹਾਨੂੰ ਇਕ ਵਿਸ਼ੇਸ਼ ਅਮੀਰਾਂ ਵਾਲਾ ਹਾਸਾ ਹੱਸਣਾ ਪਵੇਗਾ ਜਿਹੜਾ ਏਨਾ ਉੱਚਾ ਨਾ ਹੋਵੇ ਕਿ ਭੱਦਾ ਲੱਗੇ; ਏਨਾ ਹੌਲੀ ਵੀ ਨਾ ਹੋਵੇ ਜਿਸ ਤੋਂ ਬੇ ਜੀ ਇਹ ਸਿੱਟਾ ਕੱਢ ਲੈਣ ਕਿ ਤੁਸੀਂ ਤਾਂ ਸੰਗਦੇ ਸ਼ਰਮਾਂਦੇ ਹੋ, ਪਹਿਲਾਂ ਕਦੇ ਅਜਿਹੀ ਕੋਠੀ ਵਿਚ ਗਏ ਹੀ ਨਹੀਂ। ਕਾਫ਼ੀ ਜਾਂ ਚਾਹ ਪੀਣ ਲੱਗਿਆਂ ਉਸ ਵਿਚ ਖੰਡ ਇਕ ਖ਼ਾਸ ਸਲੀਕੇ ਨਾਲ ਪਾਉਣੀ ਚਾਹੀਦੀ ਹੈ ਤੇ ਪੀਣ ਦਾ ਤਰੀਕਾ ਵੀ ਆਉਣਾ ਚਾਹੀਦਾ ਹੈ। ਪੀਣ ਲੱਗਿਆਂ ਤੁਹਾਡੇ ਮੂੰਹ ਵਿਚੋਂ ਆਵਾਜ਼ ਨਹੀਂ ਆਉਣੀ ਚਾਹੀਦੀ ਜਾਂ ਕੱਪ ਰੱਖਣ ਲੱਗਿਆਂ ਲੋੜ ਤੋਂ ਵਧ ਖੜਾਕ ਨਹੀਂ ਹੋਣਾ ਚਾਹੀਦਾ ਜਾਂ ਮੇਜ਼ ਤੇ ਚ਼ਾਹ ਦੇ ਨਿਸ਼ਾਨ ਨਹੀਂ ਪੈਣੇ ਚਾਹੀਦੇ। ਨਹੀਂ ਤਾਂ ਬੇ ਜੀ ਵਲੋਂ ਕਦੇ ਵੀ ਨਾ ਮੁੱਕਣ ਵਾਲਾ ਲੈਕਚਰ ਸ਼ੁਰੂ ਹੋ ਜਾਵੇਗਾ। ਨੌਕਰਾਂ ਦੀ ਦੁਰ-ਦਸ਼ਾ ਜਿੰਨੀ ਇਸ ਘਰ ਵਿਚ ਮੈਂ ਦੇਖੀ ਹੈ, ਹੋਰ ਕਿਤੇ ਨਹੀਂ ਦੇਖੀ। ਹਰ ਵੇਲੇ ਤਿਆਰ-ਬਰ-ਤਿਆਰ, ਡਰਾਈਵਰ ਕਾਰ ਚਮਕਾਉਣ ਵਿਚ ਲੱਗਿਆ ਰਹਿੰਦਾ। ਏਸੇ ਲਈ ਏਥੇ ਆਉਣ ਤੋਂ ਮੈਂ ਹਮੇਸ਼ਾ ਕਤਰਾਉਂਦਾ ਰਿਹਾ ਹਾਂ, ਪਰ ਪ੍ਰੀਤਮ ਹੈ ਕਿ ਮੈਨੂੰ ਨਾਲ ਘਸੀਟੇ ਬਿਨਾਂ ਦਮ ਨਹੀਂ ਲਵੇਗਾ।

> ਮਿਸਾਲ ਦੇ ਤੌਰ ਤੇ ਤੁਹਾਨੂੰ ਏਥੇ ਇਕ ਵਿਸ਼ੇਸ਼ ਢੰਗ ਨਾਲ ਚੱਲਣਾ ਪਵੇਗਾ ਜਿਸ ਵਿੱਚ ਗੰਵਾਰਾਂ ਵਾਲੀ ਅੜਕ-ਮੜਕ ਨਾ ਹੋਵੇ। ਚਲਦੇ ਫਿਰਦੇ ਤੁਸੀਂ...

ਪ੍ਰੀਤਮ ਰਿਸ਼ਤੇਦਾਰੀ 'ਚੋਂ ਮੇਰਾ ਭਰਾ ਹੀ ਲਗਦਾ ਹੈ ਤੇ ਅੱਜ ਕੱਲ ਉਹ ਦਿੱਲੀ ਵਿਚ ਇਕ ਵੱਡੇ ਸਾਰੇ ਕਾਰਖਾਨੇ ਦਾ ਮੈਨੇਜਰ ਹੈ। ਇਸ ਤੋਂ ਪਹਿਲਾਂ ਕਈ ਸਾਲ ਉਹ ਫ਼ੌਜ ਵਿਚ ਰਿਹਾ ਹੈ। ਸਾਹਨੀ ਸਾਹਿਬ ਤੇ ਪ੍ਰੀਤਮ ਦੀ ਦੋਸਤੀ ਦਾ ਮੁੱਢ ਵੀ ਫ਼ੌਜ ਵਿਚ ਹੀ ਬੱਝਾ ਸੀ। ਸਾਹਨੀ ਭਾਵੇਂ ਸਿੱਧਾ ਲਫਟੈਨ ਬਣ ਕੇ ਗਿਆ ਸੀ ਤੇ ਪ੍ਰੀਤਮ ਭਾਵੇਂ ਸਿਪਾਹੀ ਹੀ ਸੀ ਪਰ ਇਹਨਾਂ ਦੋਹਾਂ ਵਿਚ ਯਾਰੀ ਬਹੁਤ ਨਿੱਘੀ ਪੈ ਗਈ ਸੀ। ਉਹ ਕਪਤਾਨ ਬਣ ਗਿਆ ਤੇ ਪ੍ਰੀਤਮ ਵਿਚਾਰਾ ਸਿਪਾਹੀ ਦਾ ਸਿਪਾਹੀ। ਪ੍ਰੀਤਮ ਦੀ ਵਹੁਟੀ ਵਲੋਂ ਅਰਜ਼ੀਆਂ ਦੇ ਦੁਆ ਭੱਜ ਨੱਠ ਕਰ ਉਸ ਦਾ ਨਾਂ ਕਟਵਾ ਲਿਆ ਗਿਆ ਸੀ ਤੇ ਅੱਜ ਕੱਲ ਉਹ ਦਿੱਲੀ ਹੀ ਹੈ। ਹੁਣ ਫ਼ੌਜ ਵਿਚ ਉਹ ਇਕੱਠੇ ਨਹੀਂ ਰਹੇ, ਪਰ ਸਾਹਨੀ ਜਦੋਂ ਆਉਂਦਾ ਹੈ ਪ੍ਰੀਤਮ ਨੂੰ ਮਿਲਦਾ ਹੈ। ਉਹ ਇਕੱਠੇ ਕਾਫ਼ੀ ਹਾਊਸ ਜਾਂਦੇ, ਬੀਅਰ ਪੀਂਦੇ ਰਹਿੰਦੇ, ਰਮ ਦੀਆਂ ਬੋਤਲਾਂ ਖਾਲੀ ਹੁੰਦੀਆਂ ਰਹਿੰਦੀਆਂ, ਹੈਵਰਡ ਦੇ ਪੈੱਗ ਚਲਦੇ ਰਹਿੰਦੇ, ਸਾਹਨੀ ਸਦਕਾ ਹੀ ਪ੍ਰੀਤਮ ਦੀ ਜਾਣ ਪਹਿਚਾਣ ਬੇ ਜੀ ਦੇ ਟੱਬਰ ਨਾਲ ਹੋਈ ਸੀ।

ਸਾਹਨੀ ਸਾਹਿਬ ਬੇ ਜੀ ਦੇ ਰਿਸ਼ਤੇਦਾਰ ਨਹੀਂ ਸਨ। ਇਸ ਤੋਂ ਪਹਿਲਾਂ ਉਨ੍ਹਾਂ ਦੀ ਆਉਣੀ ਜਾਣੀ ਮਾਮੂਲੀ ਜਿਹੀ ਸੀ। ਬੇ ਜੀ ਦੀ ਵੱਡੀ ਧੀ ਪ੍ਰੇਮ ਲਤਾ ਤੇ ਉਹ ਇਕੱਠੇ ਹੀ ਦਿੱਲੀ ਯੂਨੀਵਰਸਿਟੀ ਵਿਚ ਪੜ੍ਹਦੇ ਹੁੰਦੇ ਸਨ। ਭਾਵੇਂ ਉਹ ਇਕੋ ਕਲਾਸ ਦੇ ਵਿਦਿਆਰਥੀ ਨਹੀਂ ਸਨ ਪਰ ਉਨ੍ਹਾਂ ਵਿਚ ਇਕ ਸਾਂਝ ਜਿਹੀ ਬਣ ਗਈ ਸੀ, ਜਿਸ ਨੂੰ ਭਾਵੇਂ ਪਿਆਰ ਨਹੀਂ ਕਿਹਾ ਜਾ ਸਕਦਾ। ਉਂਜ ਵੀ ਸਾਹਨੀ ਦੇ ਮਾਪਿਆਂ ਦੀ ਕੋਠੀ ਨਾਲ ਹੀ ਸੀ ਤੇ ਇਸ ਤਰ੍ਹਾਂ ਉਨ੍ਹਾਂ ਦਾ ਆਉਣਾ ਜਾਣਾ ਵਧਦਾ ਗਿਆ। ਉਹ ਹੁਣ ਕੈਪਟਨ ਸੀ ਤੇ ਉਹ ਬੀ. ਏ. 'ਚੋਂ ਤਿੰਨ ਸਾਲ ਫੇਲ੍ਹ ਹੋ ਕੇ ਹਟ ਗਈ ਸੀ। ਡਾਕਟਰਾਂ ਨੇ ਹੁਣ ਉਸਨੂੰ ਪੜ੍ਹਨੋਂ ਵਰਜ ਦਿਤਾ ਸੀ। ਹੁਣ ਤਾਂ ਉਹ ਜੇ ਪੜ੍ਹਨਾ ਚਾਹੁੰਦੀ ਤਾਂ ਵੀ ਨਾ ਪੜ੍ਹ ਸਕਦੀ। ਆਪਣੇ ਪਿਓ ਵਾਂਗ ਉਸ ਨੂੰ ਵੀ ਤਪਦਿਕ ਨੇ ਆ ਘੇਰਿਆ ਸੀ। ਉਸ ਦੇ ਪਿਉ ਦਾ ਭਾਵੇਂ ਬਹੁਤ ਇਲਾਜ ਕਰਵਾਇਆ ਸੀ ਪਰ ਉਹ ਨਾ ਬਚ ਸਕਿਆ। ਏਹੀ ਕਾਰਨ ਸੀ ਕਿ ਬੇ ਜੀ ਦਾ ਸੁਭਾ ਕੁਝ

ਸਾਲਾਂ ਵਿਚ ਹੀ ਏਨਾ ਤਲਖ ਹੋ ਗਿਆ ਸੀ। ਪਰ ਲਤਾ ਨੂੰ ਖ਼ੁਸ਼ ਰੱਖਣ ਦਾ ਹਰ ਯਤਨ ਕੀਤਾ ਜਾਂਦਾ। ਬੇ ਜੀ ਪੰਜਵੀਂ ਛੇਵੀਂ ਜਮਾਤ 'ਚ ਪੜ੍ਹਦੀ ਮੋਨਾ ਦਾ ਇੰਨਾ ਖਿਆਲ ਨਹੀਂ ਸੀ ਰਖਦੇ ਜਿਨਾ ਲਤਾ ਦਾ। ਉਂਜ ਵੀ ਤਾਂ ਬੇ ਜੀ ਦੀਆਂ ਦੋ ਧੀਆਂ ਪਹਿਲਾਂ ਮਰ ਚੁੱਕੀਆਂ ਸਨ।

ਸਾਹਨੀ ਸਾਹਿਬ ਜਦੋਂ ਵੀ ਛੁੱਟੀ ਆਉਂਦੇ ਬੇ ਜੀ ਨੂੰ ਮਿਲਦੇ, ਲਤਾ ਨੂੰ ਮਿਲਦੇ। ਕਈ ਵਾਰ ਪ੍ਰੀਤਮ ਵੀ ਉਸ ਦੇ ਨਾਲ ਹੁੰਦਾ। ਉਹ ਛੁਟੀ ਕੱਟ ਵਾਪਸ ਮੁੜ ਜਾਂਦਾ ਪਰ ਪ੍ਰੀਤਮ ਨੇ ਕਿੱਥੇ ਜਾਣਾ ਸੀ ? ਉਸ ਨੂੰ ਨੌਕਰ ਰਾਹੀਂ ਨਿੱਤ ਨਵਾਂ ਸੁਨੇਹਾ ਆਨੰਦ ਭਵਨ ਤੋਂ ਆਉਂਦਾ, ਅੱਜ ਇਹ ਗੱਲ ਹੈ, ਅੱਜ ਇਹ ਕੰਮ ਹੈ, ਅੱਜ ਇਕ ਸਲਾਹ ਕਰਨੀ ਹੈ। ਉਹ ਇਸ ਘਰ ਦੇ ਸਭ ਜੀਆਂ ਨਾਲ ਘਿਉ ਖਿਚੜੀ ਹੋ ਗਿਆ ਸੀ।

ਪਿੱਛੇ ਜਹੇ ਜਦੋਂ ਸਾਹਨੀ ਛੁੱਟੀ ਆਇਆ ਸੀ ਉਸ ਦਾ ਵਿਆਹ ਪ੍ਰੇਮ ਲਤਾ ਨਾਲ ਹੋ ਗਿਆ। ਪ੍ਰੀਤਮ ਨੂੰ ਵੀ ਮੌਕੇ ਤੇ ਹੀ ਪਤਾ ਲੱਗਿਆ ਸੀ, ਉਹ ਬਹੁਤ ਹੈਰਾਨ ਹੋਇਆ ਸੀ। ਉਸ ਨੂੰ ਸ਼ੱਕ ਸੀ, ਇਸ ਵਿਆਹ ਪਿਛੇ ਵੀ ਕੋਈ ਭੇਤ ਹੈ। ਸਾਹਨੀ ਦੇ ਮਾਪੇ ਵੀ ਇਸ ਵਿਆਹ ਦੇ ਉੱਕਾ ਹੀ ਹੱਕ ਵਿਚ ਨਹੀਂ ਸਨ। ਪਰ ਬੇ ਜੀ ਬੇਹੱਦ ਖ਼ੁਸ਼ ਸਨ। ਲਤਾ ਤਾਂ ਖ਼ੁਸ਼ੀ ਵਿਚ ਮੋਰ-ਪੈਲਾਂ ਪਾ ਰਹੀ ਸੀ। ਪ੍ਰੀਤਮ ਨੂੰ ਸੱਦਾ ਆਇਆ। ਫੇਰ ਓਹੀ ਪੈੱਗ ਚਲਦੇ ਰਹੇ। ਹੁਣ ਜਦੋਂ ਵੀ ਸਾਹਨੀ ਆਉਂਦਾ, ਆਨੰਦ ਭਵਨ ਵਿਚ ਠਹਿਰਦਾ। ਮਿਸਿਜ਼ ਸਾਹਨੀ ਨੂੰ ਭਾਵੇਂ ਆਪਣੇ ਸਹੁਰਿਆਂ ਦੀ ਨਾਰਾਜ਼ਗੀ ਦਾ ਪਤਾ ਸੀ ਪਰ ਕਈ ਵਾਰ ਉਹ ਉਨ੍ਹਾਂ ਕੋਲ ਜਾ ਆਈ ਸੀ। ਉਸ ਘਰ ਵਿਚ ਸਭ ਨਾਲੋਂ ਪਿਆਰੀ ਹਸਤੀ ਸਾਹਨੀ ਦੀ ਸਭ ਤੋਂ ਛੋਟੀ ਭੈਣ ਪਾਸ਼ੀ ਸੀ। ਉਹ ਭਾਬੀ ਨਾਲ ਹੀ ਖਾਂਦੀ, ਉਸ ਨਾਲ ਹੀ ਸੌਣ ਲਈ ਜ਼ਿਦ ਕਰਦੀ। ਭਾਬੀ ਕੋਲ ਰਹਿਣ ਲਈ ਉਹ ਆਨੰਦ ਭਵਨ ਵੀ ਆ ਜਾਂਦੀ। ਲਤਾ ਨੂੰ ਉਸ ਦੇ ਆਉਣ ਦਾ ਚਾਅ ਚੜ੍ਹ ਜਾਂਦਾ। ਉਹ ਉਸ ਨੂੰ ਮੋਨਾ ਨਾਲੋਂ ਵੀ ਵਧ ਪਿਆਰ ਕਰਦੀ ਸੀ, ਜਿਸ ਨੂੰ ਮੋਨਾ ਪਸੰਦ ਨਹੀਂ ਸੀ ਕਰਦੀ।

ਮੈਨੂੰ ਸਾਹਨੀ ਦੇ ਵਿਆਹ ਬਾਰੇ ਪ੍ਰੀਤਮ ਨੇ ਹੀ ਦੱਸਿਆ ਸੀ। ਭਾਵੇਂ ਆਨੰਦ ਭਵਨ ਵਿਚ ਮੈਂ ਕਈ ਵਾਰ ਜਾ ਆਉਂਦਾ ਸੀ ਪਰ ਸਾਹਨੀ ਨੂੰ ਮੈਂ ਇਕੋ ਵਾਰ ਹੀ ਮਿਲਿਆ ਸਾਂ। ਵਿਆਹ ਦੀ ਖ਼ਬਰ ਸੁਣ ਮੈਂ ਹੈਰਾਨ ਵੀ ਹੋਇਆ ਸਾਂ ਪਰ ਇਸ ਦੇ ਨਾਲ ਨਾਲ ਮੈਂ ਸਾਹਨੀ ਦੀ ਪ੍ਰਸੰਸਾ ਵੀ ਕਰੀ ਜਾ ਰਿਹਾ ਸਾਂ।

"ਬਈ ਪ੍ਰੀਤਮ ! ਪ੍ਰੇਮ ਲਤਾ ਨਾਲ ਵਿਆਹ ਕਰ ਕੇ ਉਸ ਨੇ ਚੌੜੇ ਦਿਲ ਦਾ ਸਬੂਤ ਦਿੱਤਾ ਹੈ।" ਮੈਂ ਕਿਹਾ ਸੀ।

"ਤੂੰ ਵੀ ਨਿਰਾ ਬੁਧੂ ਈ ਏਂ। ਤੈਨੂੰ ਪਤਾ ਕਿਸ ਸ਼ਰਤ ਤੇ ਵਿਆਹ

ਸਾਹਨੀ ਦੇ ਮਾਪੇ ਵੀ ਇਸ ਵਿਆਹ ਦੇ ਉੱਕਾ ਹੀ ਹੱਕ ਵਿੱਚ ਸਨ। ਪਰ ਬੇ ਜੀ ਬੇਹੱਦ ਖ਼ੁਸ਼ ਸਨ। ਲਤਾ ਤਾਂ ਖ਼ੁਸ਼ੀ ਵਿੱਚ ਮੋਰ ਪੈਲਾਂ ਪਾ ਰਹੀ ਸੀ...

ਕਰਵਾਇਆ ਹੈ ਉਸ ਨੇ ?" ਪ੍ਰੀਤਮ ਦੇ ਕਹਿਣ ਵਿਚ ਵੱਡਿਆਂ ਭਰਾਵਾਂ ਵਾਲਾ ਰੁਅਬ ਸੀ।

"ਕਿਸ ਸ਼ਰਤ ਤੇ ?"

"ਉਮਰ ਭਰ ਦੀ ਕਮਾਈ ਕਰ ਲਈ ਹੈ। ਪਹਿਲਾਂ ਕੋਠੀ ਸਾਹਨੀ ਨੇ ਆਪਣੇ ਨਾਂ ਕਰਾਈ। ਪਹਿਲਾਂ ਤਾਂ ਘਰ ਵਾਲੇ ਵੀ ਰੌਲਾ ਪਾਉਂਦੇ ਸਨ ਕਿ ਅਸੀਂ ਤਪਦਿਕ ਦੀ ਖਾਧੀ ਕੁੜੀ ਕੀ ਕਰਨੀ ਹੈ; ਪਰ ਫ਼ੇਰ ਉਹ ਵੀ ਚੁਪ ਕਰ ਗਏ। ਤੇ ਬੇ ਜੀ ਕੋਲ ਜਾਇਦਾਦ ਦਾ ਕੀ ਘਾਟਾ ਹੈ ?" ਪ੍ਰੀਤਮ ਨੇ ਵਿਚਲੀ ਗੱਲ ਦਸੀ।

"ਦਿਲ ਨਹੀਂ ਮੰਨਦਾ।" ਮੈਨੂੰ ਸੱਚੀਂ ਵਿਸ਼ਵਾਸ ਨਹੀਂ ਸੀ ਆ ਰਿਹਾ।

"ਮੈਨੂੰ ਸਾਹਨੀ ਨੇ ਕਾਗ਼ਜ਼ ਆਪ ਦਿਖਾਏ ਹਨ। ਏਸ ਲਈ ਤਾਂ ਮੈਨੂੰ ਵਿਆਹ ਤੇ ਨਹੀਂ ਸੱਦਿਆ ਸੀ। ਤੂੰ ਆਪ ਹੀ ਸੋਚ, ਤਪਦਿਕ ਦੇ ਜਿਰਮ ਪੈਸਿਆਂ ਤੋਂ ਬਿਨਾਂ ਕਿਵੇਂ ਨਿਗਲੇ ਜਾ ਸਕਦੇ ਹਨ ?" ਮੇਰੀ ਤਸੱਲੀ ਹੋ ਗਈ ਸੀ। ਮੈਨੂੰ ਸਾਹਨੀ ਵਿਰੁਧ ਘਿਰਨਾ ਜਿਹੀ ਹੋ ਗਈ ਤੇ ਇਸ ਮਗਰੋਂ ਮੈਂ ਓਥੇ ਬਹੁਤ ਘਟ ਗਿਆ ਸੀ। ਪਰ ਅੱਜ ਪ੍ਰੀਤਮ ਡੋਰ ਖਿੱਚੀ ਜਾ ਰਿਹਾ ਸੀ।

ਇਸ ਤੋਂ ਪਹਿਲਾਂ ਵੀ ਜਦੋਂ ਮੈਨੂੰ ਜਾਣਾ ਪੈਂਦਾ, ਮੈਨੂੰ ਆਪਣੇ ਆਪ ਨੂੰ ਇਕ ਇੰਟਰਵੀਊ ਲਈ ਤਿਆਰ ਕਰਨਾ ਪੈਂਦਾ ਸੀ। ਮੇਰੇ ਲਿਖਣ ਪੜ੍ਹਨ ਦੇ ਸ਼ੌਕ ਨੂੰ ਪ੍ਰੀਤਮ ਨੇ ਭੁੱਲ ਭੁਲੇਖੇ ਉਨ੍ਹਾਂ ਅੱਗੇ ਦੱਸ ਕੇ ਮੇਰੇ ਲਈ ਮੁਸੀਬਤ ਖੜੀ ਕਰ ਦਿੱਤੀ ਸੀ। ਕੋਈ ਗੱਲ ਹੋ ਰਹੀ ਹੋਵੇ ਬੇ ਜੀ ਜ਼ਰੂਰ ਧਰਮ ਦੀ ਚਰਚਾ ਸ਼ੁਰੂ ਕਰ ਦਿੰਦੇ। ਈਸਾ ਮਸੀਹ, ਮੁਹੰਮਦ ਸਾਹਿਬ, ਗੁਰੂ ਨਾਨਕ, ਰਾਮ ਚੰਦਰ ਤੇ ਕ੍ਰਿਸ਼ਨ ਜੀ......। ਮੇਰੇ ਲਈ ਇਸ ਤੋਂ ਔਖਾ ਸਮਾਂ ਜ਼ਿੰਦਗੀ ਵਿਚ ਘੱਟ ਹੀ ਆਇਆ ਹੈ। ਜੇ ਚੁਪ ਰਹੋ ਤਾਂ ਬੁਰੇ, ਜੇ ਬੇ ਜੀ ਦੇ ਵਿਚਾਰਾਂ ਦੇ ਵਿਰੁਧ ਕਹੋ ਤਾਂ ਉਹ ਕਈ ਵਾਰ ਰੁੱਸ ਜਾਂਦੇ, ਰੋ ਪੈਂਦੇ। ਮੁਕਦੀ ਗੱਲ 'ਹਾਂ' 'ਚ 'ਹਾਂ' ਮਿਲਾਉਣੀ ਪੈਂਦੀ ਤੇ ਫਿਰ ਗੱਲਾਂ ਗੱਲਾਂ ਵਿਚ ਪ੍ਰੇਮ ਲਤਾ ਦੀ ਵਾਰੀ ਆਉਂਦੀ। ਕਾਫ਼ੀ ਦੀਆ ਕਿਸਮਾਂ, ਪਾਲਸਨ, ਸਟੇਨਜ਼, ਕਿਹੜੀ ਚੰਗੀ, ਕਿਹੜੀ ਮਾੜੀ। ਕੀਹਦੀ ਝੱਗ ਜ਼ਿਆਦਾ ਬਣਦੀ ਹੈ, ਕੀਹਦੀ ਘੱਟ, ਲਵ-ਮੈਰਿਜ ਦੇ ਹੱਕ ਵਿਚ ਉਹ ਬਹਿਸ ਕਰਦੀ, ਫ਼ਿਲਮਾਂ ਦੀਆਂ ਗੱਲਾਂ ਕਰਦੀ ਉਹ ਕਦੇ ਨਾ ਥੱਕਦੀ। ਜੇ ਲੇਖਕਾਂ ਦੀਆਂ ਕਿਤਾਬਾਂ ਦੀ ਚਰਚਾ ਛਿੜ ਪੈਂਦੀ ਤਾਂ ਬਸ ਹੋਣ 'ਚ ਨਾ ਆਉਂਦੀ। ਮੈਨੂੰ ਜਾਸੂਸੀ ਨਾਵਲ ਪੜ੍ਹਨ ਲਈ ਹਦਾਇਤ ਕਰਦੀ। ਅਜ ਵੀ ਮੈਂ ਆਪਣੇ ਦਿਮਾਗ਼ ਵਿਚ ਇਨ੍ਹਾਂ ਸੁਆਲਾਂ ਨੂੰ ਸੋਚਦਾ ਤੇ ਆਪ ਹੀ ਆਪਣੇ ਮਨ ਵਿਚ ਉੱਤਰ ਦੇਂਦਾ ਪ੍ਰੀਤਮ ਨਾਲ ਨਰੜਿਆ ਜਾ ਰਿਹਾ ਸੀ।

"ਇਹ ਨਾਵਲ ਕਹਾਣੀਆਂ ਤੁਸੀਂ ਕੀ ਲਿਖਦੇ ਹੋ ਬੱਸ ਇਕ ਦੂਜੇ ਦੀ ਨਕਲ ਹੀ ਤਾਂ ਕਰਦੇ ਹੋ। ਮੈਂ ਕਿੰਨੇ ਹੀ ਪੜ੍ਹੇ ਹਨ, ਉਹ ਇਕੋ ਜਹੇ ਹੀ ਹੁੰਦੇ ਹਨ।" ਮੈਂ ਹੈਰਾਨ ਸਾਂ ਅਜ ਮਿਸਿਜ਼ ਸਾਹਨੀ ਮੇਰੇ ਉੱਤੇ ਸਿੱਧੀ ਕਿਵੇਂ ਸਵਾਰ ਹੋ ਗਈ ਸੀ।

"ਐਨ ਇਸੇ ਤਰ੍ਹਾਂ ਜਿਵੇਂ ਤੁਸੀਂ ਜੀਉਂਦੇ ਨਹੀਂ, ਜਿਉਣ ਦੀ ਨਕਲ ਕਰਦੇ ਹੋ।" ਮੈਂ ਦੇਖਿਆ ਉਸ ਨੇ ਭੈੜਾ ਜਿਹਾ ਮੂੰਹ ਬਣਾ ਲਿਆ ਸੀ। ਇੰਨੇ ਨੂੰ ਸਾਹਨੀ ਗੁਸਲਖਾਨੇ ਚੋਂ ਬਾਹਰ ਆ ਗਿਆ। ਇਹ ਮੇਰੀ ਉਸ ਨਾਲ ਦੂਜੀ ਮਿਲਣੀ ਸੀ।

"ਕਿਉਂ ਬਈ ਪ੍ਰੀਤਮ, ਅਜ ਤੂੰ ਮੇਰੇ ਨਾਲ ਕੁਤਬ ਕਿਉਂ ਨਹੀਂ ਜਾ ਰਿਹਾ। ਤੈਨੂੰ ਪਤਾ ਪਰਸੋਂ ਨੂੰ ਤਾਂ ਮੈਂ ਚਲਿਆ ਜਾਣਾ ਹੈ।" ਉਸ ਦੇ ਕਹਿਣ ਵਿਚ ਇਕ ਕਪਤਾਨ ਦਾ ਦਾਬਾ ਸੀ।

"ਮੈਂ ਤੁਹਾਨੂੰ ਫੋਨ ਤੇ ਦਸ ਤਾਂ ਦਿਤਾ ਸੀ ਕਿ ਅਜ ਸਰਦਾਰ ਹੋਰੀਂ ਜਾਪਾਨ ਜਾ ਰਹੇ ਹਨ ਤੇ ਮੈਂ ਕਿਸੇ ਸੂਰਤ ਵੀ ਵਿਹਲਾ ਨਹੀਂ ਹੋ ਸਕਦਾ। ਅਜ ਛੋਟੇ ਭਾਈ ਸਾਹਿਬ ਤੁਹਾਡੇ ਨਾਲ ਜਾਣਗੇ। ਬੜੇ ਮਜ਼ੇਦਾਰ ਬੰਦੇ ਹਨ।" ਪ੍ਰੀਤਮ ਤੇ ਮੈਨੂੰ ਬਹੁਤ ਗੁਸਾ ਆ ਰਿਹਾ ਸੀ ਜਿਸ ਨੂੰ ਉਸ ਨੇ ਮੇਰੀਆਂ ਅੱਖਾਂ ਵਿਚੋਂ ਪੜ੍ਹ ਵੀ ਲਿਆ ਸੀ ਪਰ ਫੇਰ ਵੀ ਉਹ ਫੌਜੀ ਸੀ ਤੇ ਫੌਜੀ ਕਪਤਾਨ ਨਾਲ ਗੱਲਾਂ ਕਰ ਰਿਹਾ ਸੀ। ਉਸ ਆਪਣਾ ਪਿੱਛਾ ਛੁੜਾ ਲਿਆ ਸੀ। ਮੈਂ ਅਜੀਬ ਉਲਝਣ ਵਿਚ ਫਸ ਗਿਆ ਸਾਂ। ਨਾਂਹ ਕਰਨ ਨਾਲ ਸ਼ਾਇਦ ਪ੍ਰੀਤਮ ਬੁਰਾ ਮਨਾਉਂਦਾ ਜਾਂ ਉਹ ਮੇਰੇ ਬੁਰਾ ਮਨਾਉਣ ਦੇ ਡਰ ਤੋਂ ਚੁਪ ਹੀ ਰਿਹਾ। ਮੇਰੀ ਹਾਲਤ ਬੜੀ ਤਰਸ ਯੋਗ ਸੀ।

ਤੇ ਹੁਣ ਝਗੜਾ ਸ਼ੁਰੂ ਹੋ ਗਿਆ, ਕੌਣ ਜਾਵੇ ਕੌਣ ਨਾ ਜਾਵੇ? ਪਾਸ਼ੋ ਜਿਹੜੀ ਸਾਹਨੀ ਨਾਲ ਆਈ ਹੋਈ ਸੀ ਜਾਣ ਲਈ ਰੋ ਰਹੀ ਸੀ। ਮਿਸਿਜ ਸ਼ਾਹਨੀ ਵੀ ਵਿਚੋ ਵਿਚ ਤਿਆਰ ਸੀ। ਪਰ ਸਾਹਨੀ ਨੇ ਆਪਣਾ ਆਖਰੀ ਫੈਸਲਾ ਸੁਣਾ ਦਿਤਾ।

"ਡਾਰਲਿੰਗ, ਤੁਸੀਂ ਅਜ ਰੈਸਟ ਕਰੋ। ਡਾਕਟਰੀ ਸਲਾਹਅ ਅਨੁਸਾਰ ਤੁਹਾਨੂੰ ਬਹੁਤੀ ਥਕਾਵਟ ਨਹੀਂ ਹੋਣੀ ਚਾਹੀਦੀ। ਤਿੰਨ ਚਾਰ ਦਿਨਾਂ ਤੋਂ ਆਪਾਂ ਲਗਾਤਾਰ ਘੁੰਮੀ ਜਾ ਰਹੇ ਹਾਂ। ਪਾਸ਼ੀ ਤੈਨੂੰ ਕਲ੍ਹ ਲੈ ਕੇ ਜਾਵਾਂਗੇ। ਮੋਨਾ ਮੇਰੇ ਨਾਲ ਕਦੇ ਨਹੀਂ ਗਈ। ਅਜ ਮੈਂ, ਸਰਦਾਰ ਜੀ ਤੇ ਮੋਨਾ ਜਾਵਾਂਗੇ। ਕਿਉਂ ਮੋਨਾ?" ਘਰ-ਜਵਾਈ ਹੋਣ ਦੇ ਨਾਲ ਨਾਲ ਸਾਹਨੀ ਕਪਤਾਨ ਵੀ ਸੀ, ਸਭ ਆਪਣੀ ਆਪਣੀ ਥਾਂ ਚੁੱਪ ਹੋ ਗਏ।

"ਓ ਯੈਸ, ਜੀਜਾ ਜੀ" ਮੋਨਾ ਖੁਸ਼ੀ ਨਾਲ ਦੋਹਰੀ ਹੋ ਗਈ। ਮੈਂ ਦੇਖਿਆ ਪਾਸ਼ੀ ਅੱਖਾਂ ਵਿਚ ਹੀ ਜਾਣ ਲਈ ਤਰਲਾ ਪਾ ਰਹੀ ਸੀ।

ਉਨ੍ਹਾਂ ਨੇ ਉਹਦਾ ਮੂੰਹ-ਮੱਥਾ ਚੁੰਮ ਚੁੰਮ ਲਾਲ ਕਰ ਦਿੱਤਾ ਸੀ। ਮੋਨਾ ਦੀਆਂ ਹੰਝੂ ਲਟਕੇ ਹੋਏ ਸਨ। ਉਹ ਮਾਸੂਮ ਤੇ ਭੋਲੀ...



"ਸਾਹਨੀ ਸਾਹਿਬ, ਪਾਸ਼ੀ ਨੂੰ ਨਾਲ ਕਿਉਂ ਨਹੀਂ ਲੈ ਜਾਂਦੇ?"

"ਨੋ, ਸਰਦਾਰ ਜੀ, ਇਸ ਵਿਚ ਵੀ ਇਕ ਰਾਜ਼ ਹੈ" ਤੇ ਉਹ ਹੱਸ ਪਿਆ। ਅੱਗੇ ਗੱਲ ਨਾ ਚੱਲੀ ਤੇ ਮੈਂ ਚੁਪ ਹੋ ਗਿਆ।

ਕੋਈ ਇਕ ਘੰਟੇ ਮਗਰੋਂ ਅਸੀਂ ਕਾਰ ਵਿਚ ਬੈਠ ਗਏ। ਮੈਂ ਜਾਣ ਬੁਝ ਕੇ ਅਗਲੀ ਸੀਟ ਤੇ ਬੈਠ ਗਿਆ ਸਾਂ। ਅਸਲ ਵਿਚ ਮੈਂ ਕਪਤਾਨ ਦੇ ਫੌਜੀ ਰੋਹਬ ਤੋਂ ਪਰ੍ਹੇ ਹੀ ਰਹਿਣਾ ਚਾਹੁੰਦਾ ਸਾਂ। ਮੋਨਾ ਤੇ ਸਾਹਨੀ ਪਿਛਲੀ ਸੀਟ ਤੇ ਸਨ। ਖਾਣ-ਪੀਣ ਦਾ ਸਾਮਾਨ ਡਰਾਈਵਰ ਨੇ ਪਹਿਲਾਂ ਹੀ ਰੱਖ ਲਿਆ ਸੀ। ਉਂਜ ਘਰੋਂ ਚੱਲਣ ਲੱਗਿਆਂ ਹੀ ਸਾਹਨੀ ਨੇ ਤਿੰਨ ਚਾਰ ਗਲਾਸ ਠੰਡੀ ਬੀਅਰ ਦੇ ਪੀ ਲਏ ਸਨ ਤੇ ਮਜਬੂਰਨ ਮੈਨੂੰ ਵੀ ਇਕ ਅੱਧਾ ਪੀਣਾ ਪਿਆ ਸੀ। ਮੈਂ ਅਗਲੀ ਸੀਟ ਤੇ ਬੈਠਾ ਪ੍ਰੀਤਮ ਨੂੰ ਗਾਲ੍ਹਾਂ ਕੱਢ ਰਿਹਾ ਸਾਂ, ਸਾਹਨੀ ਦੇ ਵਿਆਹ ਬਾਰੇ ਸੋਚ ਰਿਹਾ ਸਾਂ। ਸਾਹਨੀ ਸਾਹਿਬ ਮੋਨਾ ਨਾਲ ਲਾਡ ਪਿਆਰ ਕਰ ਰਹੇ ਸਨ ਤੇ ਉਨ੍ਹਾਂ ਨੇ ਹੁਣ ਉਸ ਨੂੰ ਆਪਣੀ ਗੋਦੀ ਵਿਚ ਬਿਠਾ ਲਿਆ ਸੀ। ਮੈਂ ਦੇਖਿਆ, ਉਨ੍ਹਾਂ ਨੇ ਉਹਦਾ ਮੂੰਹ-ਮੱਥਾ ਚੁੰਮ ਚੁੰਮ ਲਾਲ ਕਰ ਦਿਤਾ ਸੀ। ਮੋਨਾ ਦੀਆਂ ਅੱਖਾਂ ਵਿਚ ਹੰਝੂ ਲਟਕੇ ਹੋਏ ਸਨ। ਉਹ ਮਾਸੂਮ ਤੇ ਭੋਲੀ ਭਾਲੀ ਲੱਗ ਰਹੀ ਸੀ।

"ਊਂ ਊਂ, ਕੀ ਕਰਦੇ ਹੋ ਜੀਜਾ ਜੀ" ਕਦੇ ਮੋਨਾ ਇੰਜ ਵੀ ਕਹਿ ਦਿੰਦੀ ਤੇ ਸਾਹਨੀ ਹੱਸ ਛੱਡਦਾ। ਮੈਂ ਟੀਰੀ ਅੱਖ ਨਾਲ ਡਰਾਈਵਰ ਵੱਲ ਦੇਖਿਆ ਤੇ ਅਸੀਂ ਅੱਖਾਂ ਵਿਚ ਹੀ ਹੱਸ ਪਏ। ਉਂਜ ਡਰਾਈਵਰ ਇਹ ਜ਼ਾਹਰ ਕਰ ਰਿਹਾ ਸੀ ਜਿਵੇਂ ਉਸ ਨੂੰ ਕੁਝ ਵੀ ਪਤਾ ਨਹੀਂ। ਮੈਂ ਖਿਝਿਆ ਜਿਹਾ ਬੈਠਾ ਸਾਂ ਤੇ ਸਾਹਨੀ ਸਾਥੋਂ ਦੋਹਾਂ ਤੋਂ ਬੇਪਰਵਾਹ ਲਾਡ ਪਿਆਰ ਕਰੀ ਜਾ ਰਿਹਾ ਸੀ। ਕੋਈ ਬਹੁਤੀ ਗੱਲ ਬਾਤ ਦੀ ਸੰਭਾਵਨਾ ਹੀ ਨਹੀਂ ਸੀ ਤੇ ਅਸੀਂ ਕੁਤਬ ਆ ਗਏ।

'ਡਰਾਈਵਰ ਮੋਨਾ ਨੂੰ ਕੁਤਬ ਦਿਖਾ ਲਿਆ' ਸਾਹਨੀ ਨੇ ਹੁਕਮ ਦਿੱਤਾ।

ਸਾਹਨੀ ਦੇ ਕਹਿਣ ਤੋਂ ਪਤਾ ਲੱਗ ਗਿਆ ਸੀ, ਉਹ ਆਪ ਉਪਰ ਚੜ੍ਹਨਾ ਨਹੀਂ ਚਾਹੁੰਦਾ ਸੀ। ਮੈਂ ਵੀ ਚੁੱਪ ਹੀ ਰਿਹਾ ਤੇ ਅਸੀਂ ਕੁਤਬ ਦੇ ਪਿਛੇ ਹਰੇ ਹਰੇ ਘਾ ਦੇ ਲਾਨ ਵਿਚ ਘੁੰਮ ਰਹੇ ਸਾਂ। ਮੈਂ ਚਾਹੁੰਦਾ ਸਾਂ ਕੋਈ ਗੱਲ ਸ਼ੁਰੂ ਕਰਾਂ। ਏਨੇ ਨੂੰ ਉਸ ਨੇ ਅਜੀਬ ਹੀ ਸੁਆਲ ਪੁੱਛ ਮਾਰਿਆ।

"ਪ੍ਰੇਮ ਲਤਾ ਨਾਲ ਮੇਰੇ ਵਿਆਹ ਬਾਰੇ ਤੁਹਾਡਾ ਕੀ ਵਿਚਾਰ ਹੈ? ਬੀ ਵੈਰੀ ਫਰੈਂਕ, ਪ੍ਰੀਤਮ ਨੇ ਸਭ ਤੁਹਾਨੂੰ ਦੱਸ ਹੀ ਦਿਤਾ ਹੋਵੇਗਾ?" ਮੈਂ ਸੋਚਿਆ ਮੈਂ ਕੀ ਕਹਾਂ? ਮੇਰੀ ਚੁੱਪ ਨੂੰ ਤਾੜ ਉਹ ਆਪ ਹੀ ਬੋਲ ਪਿਆ।

"ਤੁਹਾਨੂੰ ਲੇਖਕਾਂ ਨੂੰ ਤਾਂ ਕਹਾਣੀ ਦੇ ਪਲਾਟ ਚਾਹੀਦ ਹਨ, ਹ ਨਾਂਹ। ਲਓ, ਆਹ ਦੇਖੋ" ਉਸ ਜੇਬ ਵਿਚੋਂ ਇਕ ਫੋਟੋ ਕੱਢ ਮੇਰੇ ਅੱਗੇ ਕੀਤੀ। ਇਹ ਹੁਸੀਨ ਤੇ ਜੁਆਨ ਕੁੜੀ ਦੀ ਫੋਟੋ ਸੀ ਜਿਹੜੀ ਕਾਲੀਆਂ ਐਨਕਾਂ ਵਿਚ ਇਕ ਐਕਟ੍ਰੈਸ ਵਾਂਗ ਲੱਗ ਰਹੀ ਸੀ।

"ਵਿਆਹ ਤਾਂ ਮੈਂ ਇਸ ਨਾਲ਼ ਕਰਵਾਉਣਾ ਹੈ ਮਿਸਟਰ ਸਿੰਘ, ਇਹ ਫੌਜ ਵਿੱਚ ਹੀ ਇਕ ਆਫੀਸਰ ਦੀ ਕੁੜੀ ਹੈ। ਲਤਾ ਤਾਂ ਵਧ ਤੋਂ ਵਧ ਇਕ ਸਾਲ ਹੋਰ ਕੱਟੇਗੀ। ਪਰ ਇਸ ਨਾਲੋਂ ਵੀ ਵਧ ਖੁਸ਼ੀ ਮੈਨੂੰ ਇਸ ਉਮਰ ਭਰ ਦੀ ਕਮਾਈ ਦੀ ਹੈ ਜਿਹੜੀ ਮੈਂ ਅੱਜ ਕਰ ਰਿਹਾ ਸੀ" ਉਹ ਨਸ਼ੱਈ ਜਿਹਾ ਲਗਦਾ ਸੀ।

"ਆਈ ਥਿੰਕ ਯੂ ਹੈਵ ਨੌਟ ਅੰਡਰਸਟੁਡ ਇਟ।" ਮੇਰੀਆਂ ਅੱਖਾਂ 'ਚੋਂ ਹੈਰਾਨੀ ਪੜ੍ਹ ਉਸ ਨੇ ਕਿਹਾ।

"ਅਜੀ ਰਾਈਟਰ ਸਾਹਿਬ, ਸੁਣੋ। ਮੋਨਾ ਨੂੰ ਮੈਂ ਹਮੇਸ਼ਾਂ ਏਸੇ ਤਰ੍ਹਾਂ ਤੇ ਉਹ ਵੀ ਦੂਜਿਆਂ ਸਾਹਮਣੇ ਕਿੱਸ ਕਰਦਾ ਹਾਂ। ਪਤਾ ਕਿਉਂ ? ਵਿਆਹ ਦੇ ਪਿਛੋਂ ਵੀ ਮੇਰੇ ਹੱਥ ਹੇਠ ਹੀ ਰਹੇਗੀ। ਵਿਆਹੀ ਤੀਵੀਂ ਤਾਂ ਜਾਇਦਾਦ ਹੁੰਦੀ ਹੈ ਜਿਵੇਂ ਇਕ ਕੋਠੀ ਜਿਵੇਂ ਇਕ ਕਾਰ, ਅਸਲੀ ਕਮਾਈ ਤਾਂ ਇਹ ਹੈ" ਮੈਂ ਸੋਚਿਆ ਇਹ ਕਿੰਨਾ ਢੀਠ ਹੈ, ਕਿੰਨਾ ਕਮੀਨਾ ਹੈ, ਕਿੰਨਾ ਵਹਿਸ਼ੀ ਹੈ।

"ਪਰ ਸਾਹਨੀ ਸਾਹਿਬ, ਮੋਨਾ ਤੇ ਪਾਸ਼ੀ ਵਿੱਚ ਕੀ ਫ਼ਰਕ ਹੈ ?" ਮੇਰਾ ਜੀ ਕਰਦਾ ਸੀ ਤਾੜ ਕਰਦਾ ਥੱਪੜ ਇਸ ਦੇ ਮੂੰਹ ਤੇ ਦੇ ਮਾਰਾਂ।

"ਵੱਟ ਨਾਨਸੈਂਸ! ਪਾਸ਼ੀ ਮੇਰੀ ਭੈਣ ਹੈ, ਮੋਨਾ ਮੇਰੀ ਸਾਲੀ ਹੈ। ਏਨਾ ਵੀ ਨਹੀਂ ਪਤਾ ਤੁਹਾਨੂੰ।" ਉਹ ਹੈਟਰ ਨੂੰ ਉਂਗਲਾਂ ਵਿਚ ਘੁਮਾ ਰਿਹਾ ਸੀ।

"ਪਰ ਪਾਸ਼ੀ ਵੀ ਕਿਸੇ ਦੀ ਸਾਲੀ ਹੋਵੇਗੀ ਨਾ ?" ਮੈਂ ਕਹਿਣਾ ਚਾਹੁੰਦਾ ਸਾਂ ਪਰ ਚੁੱਪ ਕਰ ਗਿਆ। ਏਨੇ ਨੂੰ ਡਰਾਈਵਰ ਆ ਗਿਆ। ਮੋਨਾ ਹੁਣ ਮੈਨੂੰ ਅੱਗੇ ਨਾਲੋਂ ਵੀ ਮਾਸੂਮ ਤੇ ਪਿਆਰੀ ਲੱਗ ਰਹੀ ਸੀ। ਅਸੀਂ ਕਾਰ ਵਿਚ ਬੈਠ ਗਏ, ਅੱਗੇ ਵਾਂਗ ਹੀ।

ਮੈਂ ਅਗਲੀ ਸੀਟ ਤੇ ਬੈਠਾ ਫਿਰ ਸੋਚ ਰਿਹਾ ਸਾਂ। ਸਾਹਨੀ ਪਿਛਲੀ ਸੀਟ ਤੇ ਬੈਠਾ ਉਮਰ ਭਰ ਦੀ ਕਮਾਈ ਕਰੀ ਜਾ ਰਿਹਾ ਸੀ।

---

ਅਜੀਤ ਸਿੰਘ ਦੇ ਕੁਝ ਕਹਾਣੀ-ਸੰਗ੍ਰਹਿ:
ਸੱਚ ਦੇ ਰੂਪ
ਜ਼ਿੰਦਗੀ ਹੱਕ ਮੰਗਦੀ ਹੈ


**Buying, selling, or trading**

* Homes new or old
* Commercial properties or sites
* Apartment blocks
* Farms, land, home, acreage or any other real estate need.

For free consultation and professional real estate service.

Please contact without any obligation.



ਅਜਾਇਬ ਜੰਡਾ

AJAIB S JANDA

RES. 434-4660
434-2393

OFF. 321-6881

Top salesman in Cambie office and member of the Diamond Club.

of

BB BLOCK BROS. REALTY LTD.

# ਇਲਾਕੇ ਦੇ ਹਾਕਮ

(ਭੁਪਿੰਦਰ ਸਿੰਘ ਪੀ.ਸੀ.ਐੱਸ.)



ਨੇ ਬੁਲ੍ਹਾਂ ਤੇ ਜੀਭ ਫੇਰੀ ਬੁਲ੍ਹ ਅਜੇ ਤੀਕ ਨਿਘੇ ਨਿਘੇ ਸਨ ਤੇ ਉਹਨਾਂ ਦਾ ਸਵਾਦ ਮਿਠਾ ਮਿਠਾ । ਮੁਫਤ ਦੀ ਚਾਹ ਦੇ ਇਸ ਨਸ਼ੇ ਵਿਚ ਹੀ ਉਸ ਫਰੰਟ ਸੀਟ ਤੇ ਖੇਸੀ ਦਾ ਝੁੰਮ ਮਾਰੀ ਬੈਠੇ ਇਕ ਬੁਢੇ ਨੂੰ ਹਲੂਣਿਆਂ,

'ਬਾਬਾ ਐਹਿ ਪਿਛਲੀ ਸੀਟ ਤੇ ਆ ਜਾ, ਫਰੰਟ ਸੀਟ ਰੀਜ਼ਰਵ ਐ ।'

'ਗਭਰੂਆ ਸਾਡੇ ਵਰਗੇ ਪੇਂਡੂ ਬੰਦਿਆਂ ਨੂੰ ਕਿਹੜਾ ਪਤਾ ਲਗਦਾ । ਕੋਈ ਰੁਮਾਲ ਰਮੂਲ ਈ ਰਖਿਆ ਹੁੰਦਾ ।'

'ਹੋਰ ਤੈਨੂੰ ਅਸ਼ਟਾਮ ਲਿਖ ਕੇ ਦਈਏ । ਦਸ ਜੁ ਦਿਤਾ ਪਈ ਸ਼ੀਟ ਰੀਜ਼ਰੇਵ ਐ ।'

'ਗਭਰੂਆ, ਭਲਾ ਕੱਬੇ ਕੂਣ ਦਾ ਕਿਆ ਮਤਲਬ ਹੋਇਆ ? ਦਾਅ ਨਾਲ ਬੋਲ । ਸੀਟ ਸੌਹਰੀ ਦੀ ਦਾ ਕਿਆ । ਪਿਛੇ ਬਹਿ ਜਾਂਨੇ ਆ । ਅਗਲੀ ਸੀਟ ਨੇ ਕਿਹੜਾ ਅੱਡੇ ਤੇ ਪਹਿਲਾਂ ਪੁਜ ਜਾਂਣਾ ।'

ਬਾਬੇ ਨੇ ਖੇਸੀ ਦਾ ਝੁੰਮ ਸੂਤ ਕੀਤਾ ਤੇ ਪਿਛਲੀ ਸੀਟ ਤੇ ਆ ਬੈਠਾ । ਭਾਵੇ ਨਾਲ ਬੈਠੀ ਪੱਤਰੀਆਂ ਵਰਗੀ ਸਵਾਰੀ ਅਗੇ ਉਹਦੀ ਬੜੀ ਹਾਨੀ ਹੋਈ ਸੀ । ਪਰ ਉਹਦੀਆਂ ਤਣੀਆਂ ਪਸਲੀਆਂ ਤੇ ਅੱਖਾਂ ਦੀ ਲੋ ਦਸਦੀ ਕਿ ਉਸ ਅਜੇ ਤੀਕ ਹਾਰ ਨਹੀਂ ਮੰਨੀ ।

'ਫਰੰਟ ਸੀਟ ਵਿਹਲੀ ਪਈ ਐ' ਜਨਾਬ, ਤਸ਼ਰੀਫ ਲੈ ਆਓ ।' ਕੰਡਕਟਰ ਨੇ ਬੜੀ ਨਿਮਰਤਾ ਨਾਲ ਨਿਓ ਕੇ ਕਿਹਾ, ਜਿਵੇਂ ਇਕ ਕਪ ਚਾਹ ਦੇ ਭਾਰ ਨੇ ਉਹਨੂੰ ਹੋਰ ਵੀ ਨਿਵਾ ਦਿਤਾ ਹੋਵੇ । ਨਵੀਂ ਆਈ ਸਵਾਰੀ ਦਾ ਅਸਰ ਸਭ ਨੇ ਕਬੂਲਿਆ । ਪ੍ਰਦੇਸੋਂ ਆਇਆ ਟੈਰੀਵੂਲ ਦਾ ਸੂਟ ਨਾਲ ਜਚਦੀ ਟਾਈ । ਪੈਂਟ ਵਧੇ ਹੋਏ ਪੇਟ ਤੋਂ ਜ਼ਰਾ ਕੁ ਥਲੇ ਨੂੰ ਖਿਸਕੀ ਹੋਈ । ਪੋਚਵੀਂ ਦੋਹਰੀ ਪਗ । ਐਨਕ ਚੋਂ ਝਾਕਦੀਆਂ ਬਾਜ਼ ਵਰਗੀਆਂ ਅਖਾਂ । ਜਿਵੇਂ ਪਟਰੌਲ ਦੀ ਬੂ ਉਹਦੇ ਦਮਾਗ ਨੂੰ ਚੜ੍ਹ ਗਈ ਹੋਵੇ । ਉਸ ਨਕ ਸੁਕੇੜ ਕੇ ਕਿਹਾ । 'ਵਈ ਕਦ ਲੰਮਾਂ ਹੋਣ ਕਰਕੇ ਫਰੰਟ ਸੀਟ ਤੇ ਆਰਾਮ ਨਾਲ ਬੈਠਿਆ ਨਹੀਂ ਜਾਂਦਾ । ਮੈਂ ਪਿਛੇ ਈ ਠੀਕ ਆਂ ।'

'ਕੋਈ ਨਹੀਂ ਹਜ਼ੂਰ, ਪਿਛਲੀ ਵਿਹਲੀ ਕਰਾ ਦਿੰਦੇ ਆਂ । ਚਲ ਬਾਬਾ ਤੂੰ ਆਪਣੀ ਪਹਿਲੀ ਸੀਟ ਤੇ ਬਹਿ ਜਾ । ਇਹ ਸੀਟ ਵਿਹਲੀ ਕਰ ਦੇ ਸੁਖ ਨਾਲ ਇਲਾਕੇ ਦੇ ਹਾਕਮ ਆਏ ਆ ।'

ਬਾਬਾ ਕਿਨਾ ਕੁਝ ਬੋਲਣਾ ਚਾਹੁੰਦਾ ਸੀ, ਪਰ ਕੋਈ ਸ਼ਬਦ ਉਸ ਦੇ ਗਲੋਂ ਉਤੇ ਨਾਂ ਨਿਕਲਦਾ ਜਿਵੇਂ ਉਸ ਗਲ ਘੋਟੂ ਪੌਂਦਰ ਬੇਰ ਖਾ ਲਿਆ ਹੋਵੇ । ਬਾਰ ਬਾਰ ਉਹਦਾ ਖਿਆਲ ਪੁਰਾਣੀ ਕਹਾਵਤ ਵਲ ਜਾਂਦਾ ਕਿ ਮੀਂਹ ਦੇ ਤਿਲਕੇ ਤੇ ਅਫਸਰ ਦੇ ਝਿੜਕੇ ਦਾ ਰੋਸ਼ ਕੋਈ ਨਹੀਂ ਹੁੰਦਾ । ਇਸ ਵਾਰ ਉਸ ਖੇਸੀ ਦਾ ਝੁੰਮ ਵੀ ਠੀਕ ਨਾ ਕੀਤਾ ਤੇ ਚੁਪ ਕਰੀਤਾ ਅਗਲੀ ਸੀਟ ਤੇ ਜਾ ਬੈਠਾ । ਉਹਦੀਆਂ ਨਿਸਲ ਹੋਈਆਂ ਪਸਲੀਆਂ ਤੇ ਅਖਾਂ ਦੀ ਮਧਮ ਪਈ ਹੋਈ ਲੋ ਦਸਦੀ ਕਿ ਹੁਣ ਉਸ ਮੁਕੰਮਲ ਹਾਰ ਮੰਨ ਲਈ ਏ ।

ਸੀਟ ਤੇ ਬੈਠੀ ਲੜਕੀ ਸੁੰਗੜ ਕੇ ਇਕ ਖੂੰਜੇ ਲਗ ਗਈ ਤੇ ਸਾਰੀ ਸੀਟ ਨਵੀਂ ਸਵਾਰੀ ਨੇ ਮਲ ਲਈ ।

ਬੈਠਦਿਆਂ ਸਾਰ ਉਸ ਦਸ ਰੁਪੇ ਦਾ ਨਵਾਂ ਨਕੋਰ ਨੋਟ ਕੰਡਕਟਰ ਵਲ ਵਧਾਇਆ ਤੇ ਟਿਕਟ ਮੰਗੀ । ਕੰਡਕਟਰ ਬੜੀ ਹਲੀਮੀ ਨਾਲ ਬੋਲਿਆ ।

'ਇਹਦੇ ਨਾਲੋਂ ਤਾਂ ਸਰਕਾਰ ਭਾਵੇਂ ਸਾਡੇ ਜੁਤੀਆਂ ਮਾਰ ਲਓ । ਜਨਾਬ ਨੂੰ ਟਿਕਟ ਦੇਂਦੇ ਚੰਗੇ ਲਗਦੇ ਆਂ ? ਭਲਾ ਨੌਕਰੀ ਨਹੀਂ ਕਰਨੀ ਅਸਾਂ ?'

ਉਹ ਥੋਹੜਾ ਮੁਸਕਰਾਇਆ ਤੇ ਨੋਟ ਫੇਰ ਥਹੀ ਦੇ ਨਾਲ ਜੋੜ ਕੇ ਜੇਬ ਚ ਪਾ ਲਿਆ । ਜਿਵੇਂ ਟਿਕਟ ਲੈਣ ਦਾ ਉਹਦਾ ਪਹਿਲਾਂ ਈ ਮਨ ਨਾ ਹੋਵੇ ਤੇ ਜਿਵੇਂ ਉਹ ਸ਼ਰ੍ਹਾ ਈ ਪੂਰਾ ਕਰ ਰਿਹਾ ਸੀ ।

ਲੜਕੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ । ਇਲਾਕੇ ਦੇ ਹਾਕਮ ਤਾਂ ਸਗੋਂ ਜਾਨ ਮਾਲ ਦੇ ਰਖਿਅਕ ਹੁੰਦੇ ਨੇ । ਉਨ੍ਹਾਂ ਵਿਚ ਤੇ ਦਰਵੇਸ਼ਾਂ ਵਿਚ ਫਰਕ ਈ ਕੋਈ ਨਹੀਂ ਹੁੰਦਾ । ਉਹਨੂੰ ਤਾਂ ਸਗੋਂ ਨਿਝੱਕ ਹੋ ਕੇ ਬੈਠਣਾ ਚਾਹੀਦਾ ਤੇ ਸਚਮੁਚ ਉਹਦੇ ਦਿਲੋਂ ਸਾਰਾ ਸੰਕੋਚ ਜਾਂਦਾ ਰਿਹਾ । ਅਜੇਹੇ ਮਹਾਂ ਪੁਰਖਾਂ ਦਾ ਤਾਂ ਨੇੜ ਵੀ ਨਸੀਬਾਂ ਨਾਲ ਮਿਲਦਾ । ਉਸ ਦੋ ਤਿੰਨ ਵਾਰ ਉਹਦੇ ਵਲ ਦੇਖਿਆ । ਕਈ ਕੁਝ ਪੁਛਣ ਤੇ ਸੁਨਣ ਨੂੰ ਉਹਦਾ ਜੀ ਕਰਦਾ, ਪਰ ਸਮਝ ਨਾ ਆਉਂਦੀ ਲੜੀ ਸ਼ੁਰੂ ਕਿਥੋਂ ਕਰੇ । ਅੰਤ ਉਸ ਦਰਵੇਸ਼ ਨੇ ਬਾਜ਼ ਵਰਗੀਆਂ ਅਖਾਂ ਐਨਕਾਂ ਦੇ ਸ਼ੀਸ਼ਿਆਂ ਚੋਂ ਚਮਕਾਉਂਦੀਆਂ ਆਪ ਹੀ ਗਲ ਤੋਰੀ ।

'ਕਿਹੜੀ ਕਲਾਸ ਵਿਚ ਪੜ੍ਹਦੀ ਐਂ, ਬੇਬੀ ?'

'ਮੈਂ ਜੀ...ਮੈਂ ਜੀ ਹੁਣ ਪੜ੍ਹਦੀ ਨਹੀਂ, ਪੜ੍ਹਾਉਂਦੀ ਆਂ ।'

ਕਹਿੰਦੀ ਦਾ ਉਹਦਾ ਗਲਾ ਖੁਸ਼ਕ ਹੋ ਗਿਆ । ਹਥ ਵਿਚ ਫੜੀ ਡਾਇਰੀ ਹੋਰ ਵੀ ਜ਼ਿਆਦਾ ਘੁਟੀ ਗਈ । ਕਈ ਅੰਗਾਂ ਨੇ ਮਾਮੂਲੀ ਜਿਹਾ ਕਾਂਬਾ ਮਹਿਸੂਸ ਕੀਤਾ ।

'ਬੇਸਿਕ ਕੀਤੀ ਐ ਕਿ ਬੀ. ਐਡ ?'

'ਬੀ. ਐਡ. ਜੀ' ਬਹੁਤ ਸਾਰੇ ਸਵਾਲ ਪੁਛਣ ਦੀ ਇਛਾ ਰਖਦੀ ਲੜਕੀ ਦਾ ਉਤਰ ਬੜਾ ਈ ਸੰਖੇਪ ਸੀ ।

'ਨਿਕੀ ਉਮਰੇ ਬੜੀ ਪੜ੍ਹਾਈ ਕਰ ਲਈ ਤੂੰ ।'

ਐਨਕਾਂ ਦੇ ਸ਼ੀਸਿਆਂ ਵਿਚ ਮੈਲੀ ਜਿਹੀ ਸ਼ਰਾਰਤ ਸੀ । ਉਹਦੇ ਮੂੰਹ ਵਿਚੋਂ ਕੁਝ ਅਜਿਹੀ ਬੋ ਆਈ, ਜੋ ਲੜਕੀ ਦੇ ਕੁਆਰੇ ਨਕ ਨੇ ਪਹਿਲਾਂ ਕਦੀ ਨਹੀਂ ਸੀ ਸੁੰਘੀ, ਉਸ ਅਖਾਂ ਨਿਵਾ ਲਈਆਂ ।

ਬਸ ਜ਼ਰਾ ਰੁਕੀ । ਚੈਕਰ ਅੰਦਰ ਆਇਆ । ਸਭ ਦੀਆਂ ਟਿਕਟਾਂ ਚੈਕ ਕੀਤੀਆਂ । ਜਦੋਂ ਅਗਲੀ ਸੀਟ ਬਰਾਬਰ ਆਇਆ ਤਾਂ ਕੰਡਕਟਰ ਨੇ ਦਸਿਆ, 'ਇਹ ਤਾਂ ਜੀ ਮਾਲਕ ਨੇ ਸਾਡੇ । ਇਹਨਾਂ ਦੀ ਟਿਕਟ ਨਹੀਂ ਕਟੀ ।

'ਟਿਕਟ ਨਾ ਵੀ ਕਟਣੀ ਹੋਵੇ ਤਾਂ ਘਟੋਂ ਘਟ ਗੌਰਮਿੰਟ ਦਾ ਟੈਕਸ ਕਟ ਦਈਦਾ । ਕਿਸੇ ਤੋਂ ਟੈਕਸ ਨਾ ਵੀ ਲੈਣਾ ਹੋਵੇ ਤਾਂ ਅਠਿਆਨੀ ਪੱਲੀ ਕੋਲੋਂ ਪਾ ਦਈਦੀ ਐ । ਸਮਝ ਲਈ ਨਾ ਗਲ । ਕੁਝ ਘੱਟ ਨਹੀਂ ਜਾਂਦਾ । ਰੁਪਈਏ ਧੇਲੀ ਨਾਲ ਕਿਹੜਾ ਖੂਹ ਲਗ ਜਾਣਾ ਹੁੰਦਾ । ਸਮਝ ਲਈ ਨਾ ਗਲ ।'

ਚੈਕਰ ਆਪਣੀ ਲੰਮੀ ਨੌਕਰੀ ਦੇ ਤੱਤ ਕੰਡਕਟਰ ਨੂੰ ਹੌਲੀ ਹੌਲੀ ਸਮਝਾ ਰਿਹਾ ਸੀ, ਪਰ ਬਹੁਤ ਸਾਰੇ ਪਤਲੇ ਕੰਨਾ ਨੇ ਸੰਅ ਲੈ ਲਈ । ਬਸ ਵਿਚ ਅਜੀਬ ਕਿਸਮ ਦੀ ਦੁਰਗੰਧ ਖਿਲਰ ਗਈ । ਇਲਾਕੇ ਦੇ ਹਾਕਮ ਨਾਲ ਬੈਠੀ ਅਧਿਆਪਕਾਂ ਨੇ ਮੂੰਹ ਭੁਆ ਕੇ ਸ਼ੀਸ਼ਾ ਧੁਰ ਉਪਰ ਤੀਕ ਚੜ੍ਹਾ ਲਿਆ ਤੇ ਬਾਹਰ ਝਾਕਣ ਲਗੀ । ਅਗਲੇ ਅਡੇ ਤੇ ਬਸ ਖੜ੍ਹੀ ਹੋਈ, ਉਹ ਉਠ ਕੇ ਪਿਛਲੀ ਸੀਟ ਤੇ ਆ ਬੈਠੀ, ਜਿਵੇਂ ਉਹਦੇ ਸੁਪਨਿਆਂ ਦਾ ਸੁਆਦ ਬਕਬਕਾ ਹੋ ਗਿਆ ।

# VIDEO SHOP

6669 Main Street, Vancouver, B.C.

**Phone: 324-2030**

A new name in stereo's and TV's stores.

- Colour & Black & White TV's of Quasar (Montrola), Sanyo and Toshiba.
- 8 track and cassettes, stereos of Sony, Lloyd, Aiwa, Soundesign, Grunding, Candle, Aiko, Quasar, Sanyo and Toshiba.

## Special

1. 25" Quasar Remote Control Colour TV:

**PRICE: $1150.00** **SALE PRICE: $900.00**

2. 18" Black and White Quasar TV with two year part and labour guarantee: **$149.00**

3. A.C., D.C. Dadio Cassette AM/FM/SW Bands built in condensor: **$185.00**

We guarantee every type of repair work for 90 days.



For the latest film music from

# INDIA & PAKISTAN

tune in

1470 ON YOUR AM DIAL

# C. J. V. B.

The radio voice of

Cosmopolitan Vancouver

## Programme

| | |
|---|---|
| THURSDAY | 8—9 P.M. |
| FRIDAY | 8—9 P.M. |
| SATURDAY | 7—9 P.M. |

**BAZM—E—ADAB**

Hosted by Mohd. Rafique

SATURDAY 9—10 P.M.

For advertisement and other information contact Shushma 688-9931

# ਤਾਰਾਂ ਰਾਣੀ

( ਦਿਲਬਾਗ )



ਦੇਬੂ ਤੇ ਉਹਦੇ ਬੇਲੀ ਹੁਣ ਜਦ ਕਦੇ ਇਕੱਠੇ ਬੈਠ ਕੇ ਅਤੀਤ ਦੀਆਂ ਗਲਾਂ ਕਰਦੇ ਤਾਂ ਉਹ ਤਾਰਾਂ ਰਾਣੀ ਦੀ ਗਲ ਛੋਹ ਲੈਂਦੇ ।

'ਸਹੁਰੀ ਮੌਜ ਕਰਦੀ ਸੀ ।'

ਔਰਤ ਜਾਤ ਨੂੰ ਸੌ ਸੁੱਖ ਦਿਓ, ਸਿਰ ਸੁਆਹ ਪੁਆਊ ।

ਲਾਗਿਉਂ ਤੁਰਿਆ ਜਾਂਦਾ ਤਾਰਾ ਰਾਣੀ ਦਾ ਹਮਦਰਦ ਆਖ ਦਿੰਦਾ—

"ਚੰਗਾ ਹੋਇਆ ਵਿਚਾਰੀ ਦੇ ਹੱਡ ਛੁੱਟ ਗਏ" ਤਾਂ ਇਸ ਜੁੰਡੀ ਨੂੰ ਜਿਵੇਂ ਜ਼ਹਿਰੀਲੇ ਨਾਗ ਨੇ ਡੰਗ ਦਿਤਾ ਹੋਵੇ ।

"ਸਾਲਾ ਵੱਡਾ ਹਮਦਰਦੀ ਮਾਂ - ਦਾ ।" ਉਹਦੇ ਦੂਰ ਜਾਣ ਪਿਛੋਂ ਉਬਲਦੇ ਰਹਿੰਦੇ ।

ਠੇਕੇਦਾਰ ਦੇਬੂ ਸਾਲ ਪਿਛੋਂ ਕਾਣੇ ਪੀਲੇ ਟਟੂਆਂ ਨਾਲ ਪਿੰਡ ਆ ਵੜਦਾ । ਇਹ ਟਟੂ ਸਾਰਾ ਦਿਨ ਪਿੰਡ ਦੀਆਂ ਰੂੜੀਆਂ, ਛਪੜ ਕੰਢੇ ਚੁਗਦੇ ਰਹਿੰਦੇ । ਪਿੰਡ ਦੇ ਨਿਆਣੇ ਆਲਾ ਦੁਆਲਾ ਵੇਖ ਕਦੇ ਕਦਾਈਂ ਇਹਨਾਂ ਤੇ ਸਵਾਰੀ ਕਰ ਲੈਂਦੇ ।

ਇਹਨਾਂ ਟਟੂਆਂ ਦੀ ਦੇਖ ਭਾਲ ਲਈ ਕਦੇ ਕੋਈ ਪੂਰਬੀਆ ਹੁੰਦਾ ਕਦੇ ਕੋਈ ਰਾਜਸਥਾਨੀ ਤੇ ਕਦੇ ਕਸ਼ਮੀਰੀ । ਪਰ ਜਦੋਂ ਠੇਕੇਦਾਰ ਮੁੜ ਮੁਹਾਜ਼ ਤੇ ਜਾਂਦਾ ਤਾਂ ਉਹਦਾ ਚਿਟਾ ਘੋੜਾ ਹੀ ਇਹਨਾਂ ਮਗਰ ਹੁੰਦਾ । ਜਾਂ ਕੋਈ ਬੇਰੁਜ਼ਗਾਰ ਨੌਜੁਆਨ ਨੌਕਰੀ ਲਈ ਸੈਰ ਦਾ ਬਹਾਨਾ ਬਣਾ ਟਟੂਆਂ ਨੂੰ ਹਿੱਕ ਤੁਰਦਾ ।

ਥੋੜੇ ਦਿਨ ਪਿੰਡ ਦਾ ਆਲਾ-ਦੁਆਲਾ ਸਖਣਾ ਲਗਦਾ । ਪੂਰਬੀਆ ਸੇਵਾਦਾਰ ਉਦਾਸ ਹੋ ਜਾਂਦਾ । ਬੱਕਰੀਆਂ ਨੂੰ ਚਾਰਦਾ ਸ਼ਾਮ ਸਵੇਰੇ ਮੇਗਣਾਂ ਹੂੰਝ ਰੂੜੀ ਤੇ ਸੁੱਟ ਆਉਣ ਵਿਚ ਗੁਆਚ ਜਾਂਦਾ । ਵੀਹਾਂ ਕੁ ਦਿਨਾਂ ਪਿਛੋਂ ਉਹ ਕਿਸੇ ਰਿਸ਼ਤੇਦਾਰ ਦੇ ਚਲਾ ਜਾਂਦਾ ।

ਐਤਕਾਂ ਜਦ ਦੇਬੂ ਵਾਪਸ ਆਇਆ ਤਾਂ ਉਹਦੇ ਚਿੱਟੇ ਘੋੜੇ ਨਾਲ ਨੀਲੀ ਕੁੜਤੀ ਤੇ ਸਲਵਾਰ ਵਾਲੀ ਤਾਰਾਂ ਰਾਣੀ ਸੀ । ਤਕਾਲਾਂ ਦੇ ਸੂਰਜ ਵਰਗੀ ।

ਪਿੰਡ ਦੀਆਂ ਕੰਧਾਂ ਨੂੰ ਨੀਲੀ ਕੁੜਤੀ ਸਲਵਾਰ ਓਪਰੀ ਓਪਰੀ ਲਗਦੀ । ਸੁਕੇ ਵਾਲਾਂ ਤੋਂ ਖਿਸਕਦੀ ਚੁੰਨੀ ਨੂੰ ਸਾਂਭ ਸਾਂਭ ਰਖਦੀ, "ਅਰੇ ਕਿਧਰ ਮਰਤੀ ਹੈ" ਕਰਦੀ ਬਕਰੀਆਂ ਨੂੰ ਹਿਕਦੀ ਹੁਣ ਉਹ ਪਿੰਡ ਦੇ ਰਾਹਾਂ ਨੂੰ ਓਪਰੀ ਨਾ ਲਗਦੀ । ਪਿੰਡ ਦੀਆਂ ਕੰਧਾਂ ਉਹਦੇ ਵਲ ਗਹੁ ਨਾਲ ਦੇਖਦੀਆਂ । ਪਿੰਡ ਦੇ ਛੋਹਰ ਤਾਰਾ ਰਾਣੀ ਨੂੰ ਮਖੌਲ ਕਰਦੇ ਪਰ ਉਹ ਮੁਸਕਰਾ ਲੰਘ ਜਾਂਦੀ । ਨਿਆਣਿਆਂ ਦੇ ਮਖੌਲ ਬਕਰੀਆਂ ਦੇ ਖੁਰਾਂ ਨਾਲ ਉਡੀ ਧੂੜ ਵਿਚ ਗੁਆਚ ਜਾਂਦੇ । ਬਕਰੀਆਂ ਨੂੰ ਚਾਰ ਤਾਰਾ ਰਾਣੀ ਸੌਂਤੇ ਪਿਆ 'ਘਰ' ਮੁੜਦੀ । ਠੇਕੇਦਾਰ ਹੁੱਗ ਲਾਉਂਦਾ ਤੇ ਉਹ ਪੱਠੇ ਕੁੱਤਰ ਖੋਲੀਆਂ ਨੂੰ ਪਾ ਦਿੰਦੀ ।

ਠੇਕੇਦਾਰ ਰੋਟੀ ਪਕਾਉਂਦਾ ਹੈ ਅੱਧ ਜਲੀਆਂ ਰੋਟੀਆਂ ਉਹਨੂੰ ਫੜਾ ਆਖਦਾ ।" ਲੈ ਝੁਲਸਾ ਲਾ ਢਿੱਡ ।" ਤੇ ਆਪ ਬੈਠਕ ਵਿਚ ਜਾ ਵੜਦਾ ।

ਰੋਟੀ ਖਾ ਤਾਰਾ ਰਾਣੀ ਨੂੰ ਦਰੋਪਤੀ ਬਣਾਇਆ ਜਾਂਦਾ । ਡੂੰਘੇ ਹਨੇਰੇ ਤਕ ਠੇਕੇਦਾਰ ਦੇ ਬੂਹੇ ਖੜਕਦੇ ਰਹਿੰਦੇ ।

ਪਿੰਡ ਦੀਆਂ ਕੰਧਾਂ ਕਦੇ ਕਦਾਈਂ ਉਹਦੇ ਨਾਲ ਗਲਾਂ ਕਰਦੀਆਂ । ਉਹ ਹਸ ਹਸ ਉਹਨਾਂ ਦੀਆਂ ਗਲਾਂ ਦਾ ਜਵਾਬ ਦਿੰਦੀ । ਮੈਂ ਤਾਰਾ ਰਾਣੀ ਨੂੰ ਨਿੱਕੇ ਨਿੱਕੇ ਸਵਾਲ ਪੁੱਛਦਾ । ਉਹ ਜਵਾਬ ਦੇ ਦਿੰਦੀ । ਪਰ ਜਦੋਂ ਮੈਂ ਉਹਨੂੰ ਉਹਦੇ ਘਰ ਬਾਬਤ ਕੋਈ ਗਲ ਪੁਛਦਾ ਤਾਂ ਜਿਵੇਂ ਉਹਨੂੰ ਕਿਸੇ ਅਚਾਨਕ ਮੁਸੀਬਤ ਦਾ ਸਾਹਮਣਾ ਕਰਨਾ ਪੈ ਜਾਂਦਾ । ਉਹ ਫੁੱਟ ਫੁਟ ਕਹਿੰਦੀ—

'ਅਰੇ ਬਾਬੂ, ਕਾ ਕਰੂੰ, ਹਮਾਰਾ ਸਰਦਾਰ ਨਹੀਂ ਜਾਨੇ ਦੇਤਾ ।'

ਬਕਰੀਆਂ ਹਿੱਕ ਉਹ ਅਗੇ ਤੁਰ ਜਾਂਦੀ ।

'ਵੱਡੇ ਘਰ' ਵਾਲੇ ਵੀ 'ਦਰੋਪਤੀ' ਦੇ ਦਰਸ਼ਨ ਕਰਨ ਆਏ ਤੇ ਆਪਣਾ 'ਦਸਵੰਧ' ਲੈ ਵਾਪਸ ਮੁੜ ਗਏ । ਪਿੰਡ ਦੀਆਂ ਰਾਹਾਂ ਨੂੰ ਬੂਟਾਂ ਦਾ ਭਾਰ ਜਿਹਾ ਲਗਾ ।

ਥੋੜੇ ਦਿਨਾਂ ਪਿਛੋਂ ਤਾਰਾਰਾਣੀ ਦੀ ਅਣਹੋਂਦ ਪਿੰਡ

 ਦੀਆਂ ਕੰਧਾਂ ਨੂੰ ਰੜਕੀ ਉਹ ਠੇਕੇਦਾਰ ਨੂੰ ਪੁਛਦੀਆਂ।

'ਵੇ ਦੇਬੂ, ਉਹ ਪੂਰਬਣ ਜਹੀ ਕਿਥੇ ਭੇਜ ਦਿਤੀ'

'ਚਾਚੀ, ਸਹੁਰੀ ਕਹਿੰਦੀ ਸੀ ਮੈਂ ਦੇਸ ਜਾਣਾ। ਕਲ ਆਪਣਾ ਭਤੀਜਾ ਆਇਆ ਸੀ। ਉਹ ਨਾਲ ਲੈ ਗਿਆ। ਮੈਂ ਕਿਹਾ ਚਲ ਚਾਰ ਦਿਨ ਰਹਿ ਆਊ।" ਪਿੰਡ ਦੀਆਂ ਕੰਧਾਂ, ਪਿੰਡ ਦੇ ਰਾਹ ਉਡਦੀਆਂ ਗਲਾਂ ਕਰਦੇ। ਕੰਧਾਂ ਬੋਲਦੀਆਂ—

'ਕਹਿੰਦੇ ਨੌਂ ਸੌ ਲਿਆ।'

'ਚਲੋ ਆਪਾਂ ਨੂੰ ਕੀ।' ਰਾਹ ਬੋਲਦੇ ਤੇ ਉਹਨਾਂ ਦੇ ਮੂੰਹ ਵਸੂਲੋ ਹੋ ਜਾਂਦੇ।

ਗਿਣੇ ਮਿਥੇ ਦਿਨਾਂ ਮਗਰੋਂ ਤਾਰਾ ਰਾਣੀ ਮੁੜ ਆਈ। ਨੀਲੀ ਕੁੜਤੀ ਤੇ ਸਲਵਾਰ ਉੱਤੇ ਜੋ ਬਕਰੀਆਂ ਮਗਰੀਂ ਦੌੜਦੀ ਫਿਰਦੀ।

"ਸਾਲੀ ਦਾ ਜੀਅ ਨਹੀਂ ਲਗਾ।" ਠੇਕੇਦਾਰ ਬੁਲਾਂ ਨੂੰ ਸੁਆਰ ਆਖਦਾ। ਠੇਕੇਦਾਰ ਦਾ ਕੋਈ ਨਵਾਂ ਯਾਰ ਉਹਦੇ ਨਾਲ ਫਿਰਦਾ।

ਪਿੰਡ ਦੀਆਂ ਕੰਧਾਂ ਤਾਰਾ ਰਾਣੀ ਨਾਲ ਗਲ ਕਰਦੀਆਂ ਤਾਂ ਉਹ ਚੁਪ ਜਿਹੀ ਹੋ ਜਾਂਦੀ। ਜਿਵੇਂ ਉਹਨੂੰ ਸ਼ਰਮ ਆਉਂਦੀ ਹੋਵੇ। ਸਿਰ ਤੋਂ ਖਿਸਕਦੀ ਚੁੰਨੀ ਉਹਦੇ ਗਲ ਵਿਚੋਂ ਪਈ ਰਹਿੰਦੀ ਪਿੰਡ ਦੀਆਂ ਰਾਹਾਂ ਨੂੰ ਉਹਦਾ ਚਿਹਰਾ ਦੁਪਿਹਰ ਦੇ ਸੂਰਜ ਵਰਗਾ ਲੱਗਣ ਲਗਾ।

"ਅਰੇ ਤਾਰਾਰਾਣੀ ਇਤਨੇ ਦਿਨ ਕਿਧਰ ਰਹੀ" ਮੈ ਨਾ ਚਾਹੁੰਦਿਆਂ ਹੋਇਆਂ ਵੀ ਪੁਛ ਲਿਆ। ਉਸ ਚੁੱਪ ਸਾਧ ਲਈ। ਪਰ ਉਹਦੀਆ ਅੱਖਾਂ ਵਿਚੋਂ ਮੈਨੂੰ ਬੜੀ ਭਿਅੰਕਰ ਝਲਕ ਪਈ।

ਤੇ ਫਿਰ ਇਕ ਦਿਨ ਪਿੰਡ ਦੀਆਂ ਕੰਧਾਂ ਤੋਂ ਇਹ ਗਲ ਸੁਣੀ ਪਿੰਡ ਦਿਆਂ ਰਾਹਾਂ ਤੋਂ ਇਹ ਗਲ ਸੁਣੀ।

"ਤਾਰਾਰਾਣੀ ਦੌੜ ਗਈ।"

"ਤਾਰਾਰਾਣੀ ਨਿਕਲ ਗਈ।"

ਠੇਕੇਦਾਰ ਦੇ ਸਾਹ ਨਾਲ ਸਾਹ ਨਹੀਂ ਸਨ ਰਲਦੇ।

"ਸਾਲੀ ਪਤਾ ਨਹੀਂ ਕਿਧਰ ਚਲੀ ਗਈ।" ਠੇਕੇਦਾਰ ਬੌਂਦਲਾਇਆ ਫਿਰਦਾ ਸੀ ਜਿਵੇਂ ਤਾਰਾਰਾਣੀ ਉਹਦੀ ਪਲੇਠੀ ਦੀ ਧੀ ਹੋਵੇ।

ਉੱਤਰੀ ਅਮਰੀਕਾ ਮਹਾਂਦੀਪ
ਵਿੱਚ ਪੰਜਾਬੀ ਦਾ ਇਕੋ ਇਕ
ਸਾਹਿੱਤਕ-ਸੱਭਿਆਚਾਰਕ ਮਾਸਿਕ




ਮੁਫ਼ਤਖੋਰੀ ਦੀ ਲਾਹਣਤ ਤਿਆਗਕੇ ਖੁਦ ਸਾਲਾਨਾ ਪਾਠਕ ਬਣੋ ਤੇ ਹੋਰਾਂ ਨੂੰ ਪ੍ਰੇਰੋ। ਨਮੂਨੇ ਦੇ ਪਰਚੇ ਲਈ ਸਾਨੂੰ ਲਿਖੋ। ਸਾਲਾਨਾ ਚੰਦਾ ਪੰਜ ਡਾਲਰ ਤੇ ਛਿਮਾਹੀ ਚੰਦਾ ਤਿੰਨ ਡਾਲਰ ਹੈ।

THE WATNO DŪR
Post Box No. 1041
Coquitlam, B.C., Canada

ਤੁਹਾਡਾ ਮਨ-ਪਸੰਦ
ਨਵਾਂ ਰੇਡੀਓ ਪ੍ਰੋਗਰਾਮ
ਸਾਜ਼ ਔਰ ਆਵਾਜ਼
KISM (FM 93 BELLINGHAM)

ਬੋਲੀ:
ਹਿੰਦੀ ਤੇ ਪੰਜਾਬੀ
ਦਿਨ:
ਐਤਵਾਰ
ਸਮਾਂ:
11 A.M. ਤੋਂ 12 NOON
ਫ਼ੋਨ:
437-8865 298-2961

LISTEN TO
SAAZ aur AWAZ
Newly featured program of
Hindi and Panjabi music
ON
KISM (FM 93 BELLINGHAM)
EVERY SUNDAY
From 11.00 A.M.—12 noon
For further information contact:
Phone 437-8865 298-2961

# ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ ਦੀ ਵਿਸ਼ੇਸ਼- ਇਕੱਤ੍ਰਤਾ



ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀਆਂ ਇਕੱਤ੍ਰਤਾਵਾਂ ਵਿੱਚ ਲੇਖਕਾਂ ਦੀਆਂ ਸਾਹਿੱਤਕ ਰਚਨਾਵਾਂ ਪੜ੍ਹਨ ਤੋਂ ਬਿਨਾਂ ਸਮੇਂ ਸਮੇਂ ਹੋਰ ਸਮਾਜਕ ਵਿਸ਼ਿਆਂ ਤੇ ਵੀ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਅਜਿਹੇ ਹੀ ਇਕ ਭਖਦੇ ਵਿਸ਼ੇ ਤੇ ਐਸੋਸੀਏਸ਼ਨ ਦੀ 26 ਜਨਵਰੀ 1975 ਦੀ ਇਕੱਤ੍ਰਤਾ ਵਿੱਚ ਗੱਲਬਾਤ ਕੀਤੀ ਗਈ। ਇਹ ਵਿਸ਼ਾ ਟਰੈਵਰ ਲਾਟਨਜ਼ (TREVOR LAUTENS) –( ਜੋ VANCOUVER SUN ਦਾ ਇਕ ਜਰਨਲਿਸਟ ਹੈ) ਦਾ ਵੈਨਕੂਵਰ ਦੀ ਸਿੱਖ ਵਸੋਂ ਬਾਰੇ ਇਕ ਲੇਖ- 'THE VIOLENT MINORITY' ਸੀ ਜੋ ਜਨਵਰੀ 1975 ਦੇ MACLEANS ਨਾਂ ਦੇ TORONTO ਤੋਂ ਛਪਦੇ ਮਾਸਕ-ਪੱਤਰ ਵਿੱਚ ਛਪਿਆ ਸੀ। ਲੇਖ ਵਿੱਚ ਲਾਟਨਜ਼ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅੱਜਕਲ ਵੈਨਕੂਵਰ ਵਿੱਚ ਸਿੱਖ ਵਸੋਂ ਸਭ ਤੋਂ UNPOPULAR MINORITY ਹੈ— ਉਸ ਅਨੁਸਾਰ ਇਸਦੇ ਦੋ ਕਾਰਨ ਹਨ : ਸਿੱਖਾਂ ਦਾ ਸੁਭਾ VIOLENT ਹੋਣਾ ਅਤੇ ਸਿੱਖਾਂ ਦਾ ਆਪਣੇ ਆਪ ਨੂੰ ਪੱਛਮੀ ਜੀਵਨ ਅਨੁਸਾਰ ਢਾਲਣ ਤੋਂ ਇਨਕਾਰ। ਉਹ ਵੈਨਕੂਵਰ ਵਿੱਚ ਸਿੱਖਾਂ ਦੇ ਆਪਸੀ ਝਗੜਿਆਂ ਦਾ ਪਿਛਲੇ ਦੋ ਤਿੰਨ ਸਾਲ ਦਾ ਇਤਿਹਾਸ ਫੋਲਦਾ ਹੈ ਅਤੇ ਇਸੇ ਦੌਰਾਨ ਸਿੱਖਾਂ ਦੇ ਧਾਰਮਕ, ਮਿਹਨਤੀ, ਕਾਮੇ ਅਤੇ ਗਰਮ ਸੁਭਾ ਬਾਰੇ ਲਿਖਦਾ ਹੈ। ਅੰਤ ਵਿੱਚ ਲੇਖਕ ਚਿਤਾਵਨੀ ਦਿੰਦਾ ਹੈ ਕਿ ਵੈਨਕੂਵਰ ਵਿੱਚ ਸਿੱਖਾਂ ਵੱਲ ਵਿਰੋਧ ਅਤੇ ਨਫ਼ਰਤ ਦਾ ਮਾਹੌਲ ਪੈਦਾ ਹੋ ਰਿਹਾ ਹੈ ਜੋ ਸਿੱਖਾਂ ਅਤੇ ਬੀ. ਸੀ. ਦੋਹਾਂ ਲਈ ਤਬਾਹਕੁਨ ਹੋ ਸਕਦਾ ਹੈ। ਇਸ ਲੇਖ ਨੂੰ ਇਕੱਤ੍ਰਤਾ ਵਿੱਚ ਪੜ੍ਹਕੇ ਵੀ ਸੁਣਾਇਆ ਗਿਆ। ਬਹੁਤੇ ਮੈਂਬਰਾਂ ਨੇ ਇਹ ਮਹਿਸੂਸ ਕੀਤਾ ਕਿ ਲੇਖਕ ਦਾ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਵਿਸ਼ਲੇਸ਼ਣ ਗਲਤ ਹੈ — ਸਿੱਖਾਂ ਦੀ ਵਿਰੋਧਤਾ ਦੇ ਅਸਲੀ ਕਾਰਣਾਂ ਨੂੰ ਧੁੰਦਲਾਉਣ ਲਈ ਸਿੱਖਾਂ ਦੇ ਤੱਤੇ ਸੁਭਾ ਦਾ ਬਹਾਨਾ ਬਣਾਇਆ ਗਿਆ ਹੈ - ਅਸਲ ਵਿੱਚ ਲੇਖ ਵਿਚੋਂ ਉਸਦਾ ਛੁਪਿਆ ਨਸਲਵਾਦੀ ਦ੍ਰਿਸ਼ਟੀਕੋਣ ਸਾਫ਼ ਝਲਕਦਾ ਹੈ।

ਇਸ ਮੀਟਿੰਗ ਵਿਚ INCAR (INTER NATIONAL COMMITTEE AGAINST RACISM) ਦੇ ਇਕ ਪ੍ਰਤੀਨਿਧ ਐਂਡ ਲਾਵੈੱਲ ਨੂੰ ਇਸ ਲੇਖ ਸੰਬੰਧੀ ਉਸਦੇ ਵਿਚਾਰ ਸੁਣਨ ਲਈ ਵਿਸ਼ੇਸ਼ ਤੌਰ ਤੇ ਬੁਲਾਇਆ ਗਿਆ ਸੀ। ਐਂਡ ਨੇ ਇਸ ਸਮੱਸਿਆ ਦੀ ਵਿਸ਼ਾਲਤਾ ਵਿੱਚ ਜਾਂਦੇ ਹੋਏ ਦੱਸਿਆ ਕਿ ਅਸਲ ਮਸਲਾ ਦੇਸ਼ ਤੇ ਆਏ ਨਵੇਂ ਆਰਥਕ ਸੰਕਟ ਦਾ ਹੈ। ਜਦੋਂ ਵੀ ਦੇਸ਼ ਦੇ ਬਹੁਗਿਣਤੀ ਦੇ ਵਸਨੀਕਾਂ ਨੂੰ ਆਪਣੀਆਂ ਨੌਕਰੀਆਂ ਖੁੱਸਣ ਦਾ ਤੌਖਲਾ ਹੋ ਜਾਵੇ ਜਾਂ ਹੋਰ ਕੋਈ ਅਜਿਹੀ ਔਕੜ ਆ ਪਵੇ ਤਾਂ ਉਹ ਹਮੇਸ਼ਾਂ ਛੋਟੀ ਗਿਣਤੀ ਵਾਲੀ ਨਸਲ ਦੇ ਲੋਕਾਂ ਨੂੰ ਇਸਦਾ ਮੂਲ ਕਾਰਨ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਅੱਜਕਲ ਕਿਉਂਕਿ ਵੈਨਕੂਵਰ ਵਿੱਚ ਘਰਾਂ ਤੇ ਨੌਕਰੀਆਂ ਦੀ ਥੁੜ ਹੈ, ਲਾਟਨਜ਼ ਵਰਗੇ ਜਰਨਲਿਸਟ ਅਸਿੱਧੇ ਤਰੀਕੇ ਨਾਲ ਘੱਟ-ਗਿਣਤੀ ਕੌਮਾਂ ਵਿਰੁਧ ਜਜ਼ਬਾ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਐਂਡ ਨੇ ਇਸ ਲੇਖ ਨੂੰ ਨਸਲੀ-ਵਿਤਕਰੇ ਤੇ ਆਧਾਰਤ ਦੱਸਿਆ ਤੇ ਇਸਦੀ ਕਰੜੀ-ਆਲੋਚਨਾ ਕੀਤੀ- ਉਸਨੇ ਕਿਹਾ ਕਿ ਉਹ ਟਰੈਵਰ ਲਾਟਨਜ਼ ਨੂੰ INCAR ਵੱਲੋਂ ਇਕ ਪਬਲਿਕ ਮੀਟਿੰਗ ਵਿੱਚ ਬੁਲਵਾਉਣ ਦੀ ਕੋਸ਼ਿਸ਼ ਕਰੇਗਾ ਜਿਸ ਵਿੱਚ ਲੋਕ ਉਸ ਤੋਂ ਉਸਦੇ ਇਸ ਲੇਖ ਬਾਰੇ ਜਵਾਬ ਮੰਗ ਸਕਣ — ਉਸਨੇ INCAR ਵੱਲੋਂ MACLEANS ਨੂੰ ਇਸ ਲੇਖ ਦੀ ਆਲੋਚਨਾ ਵਿੱਚ ਚਿੱਠੀ ਲਿਖਣ ਬਾਰੇ ਵੀ ਇਰਾਦਾ ਪ੍ਰਗਟਾਇਆ — ਉਸਨੇ ਇਹ ਸੁਝਾ ਵੀ ਦਿੱਤਾ ਕਿ ਐਸੋਸੀਏਸ਼ਨ ਵੱਲੋਂ ਸਾਂਝੇ ਤੌਰ ਤੇ MACLEANS ਵਿੱਚ ਇਸ ਵਿਸ਼ੇ ਤੇ ਇਕ ਲੇਖ ਛਪਵਾਉਣ ਦੀ ਕੋਸ਼ਿਸ਼ ਕੀਤੀ ਜਾਵੇ ਜਿਸ ਵਿੱਚ ਸਮੱਸਿਆ ਦੇ ਅਸਲੀ ਕਾਰਣਾਂ ਨੂੰ ਉਘਾੜਿਆ ਜਾਵੇ।

ਇਸ ਪਿਛੋਂ ਕੁਝ ਲੇਖਕਾਂ ਨੇ ਆਪਣੀਆਂ ਰਚਨਾਵਾਂ ਪੜ੍ਹਕੇ ਸੁਣਾਈਆਂ। ਮੀਟਿੰਗ ਅਤਿਅੰਤ ਦਿਲਚਸਪ ਰਹੀ।

– ਅਜਮੇਰ ਸਿੰਘ ਰੋਡੇ ( ਜਨਰਲ ਸਕੱਤਰ)

# ਕੈਨੇਡਾ ਦੇ ਕਵੀ

## ਕਵਿਤਾ

**ਉੱਜਲ ਦੋਸਾਂਝ**

ਕਵਿਤਾ ਜਨਮੇ
ਅਸਲੀਅਤ ਦੀਆਂ ਕਾਲਖਾਂ ਜਾਂ ਚਾਨਣਾਂ 'ਚੋਂ ਜਾਂ ਫਿਰ ਜਨਮੇ
ਗਾੜ੍ਹਿਆਂ ਪਸੀਨਿਆਂ 'ਚੋਂ, ਲਾਲ ਰੱਤੇ ਖ਼ੂਨਾਂ ਵਿਚੋਂ !
ਇਸ ਤਰ੍ਹਾਂ ਜਨਮੀ ਕਵਿਤਾ—ਕਵਿਤਾ ਹੋਵੇ ਜਿਸ ਨੂੰ ਸੁਣਕੇ
ਹਰ ਜ਼ਾਲਮ ਦੀ ਹਿੱਕ 'ਚੋਂ ਖ਼ੂਨ ਚੋਵੇ !

## ਇਨਸਾਨੀਅਤ ਮਿਟ ਨਹੀਂ ਸਕਦੀ

(ਸੁਰਜੀਤ ਕਲਸੀ)

ਮੇਰੇ ਸ਼ਹਿਰ ਵਿਚ ਅੱਜ
ਕਿਸ ਤਰ੍ਹਾਂ ਦਾ ਕੌੜਾ ਧੂੰਆ ਹੈ
ਕਿਸ ਤਰ੍ਹਾਂ ਦੀ ਖੱਟੀ ਧੁੰਦ ਹੈ ?
ਇਸ ਧੁੰਧਲਕੇ ਵਿਚ
ਕੁਝ ਬੋਲ ਗਵਾਚ ਗਏ
ਇਸ ਮਟਿਆਲੀ ਸ਼ਾਮ ਵਿਚ
ਸਭ ਪਹਿਚਾਣ ਗਵਾਚ ਗਈ ਹੈ !

ਦੁਨੀਆਂ ਦੀ ਕਿਸੇ ਨੁਕਰ ਵਿਚ
ਭੁੱਜ ਰਹੇ ਮਨੁੱਖੀ ਗੋਸ਼ਤ ਦੀ
ਹੋਸ਼ਾਂ ਸੁੰਨ ਕਰ ਦੇਣ ਵਾਲੀ ਧੁੰਦ ਹੈ
ਤੋਪਾਂ ਤੇ ਟੈਂਕਾਂ 'ਚੋਂ ਨਿਕਲਦਾ
ਮਟਿਆਲਾ ਭੂਰਾ ਖੱਟਾ ਧੂੰਆ ਹੈ ।
ਭੁੱਜ ਰਹੀ ਮਨੁੱਖਤਾ ਦੀ ਚੀਸ
ਉਠ ਰਹੀ ਹੈ ਕੁਝ ਦੇਸਾਂ ਵਿਚੋਂ
ਪੁਰ ਕੁਝ ਦਰਿੰਦੇ ਹੱਸ ਰਹੇ ਨੇ
"ਜੰਗ ਹੋਰ ਤੇਜ਼ ਕਰੋ ਹੋਰ"
ਦਾ ਹੁਕਮ ਫੁਰਮਾ ਰਹੇ ਨੇ !
ਸ਼ਾਇਦ ਉਹ ਭੁਲ ਗਏ ਨੇ
ਕਿ ਮਨੁੱਖ ਸਿਰਫ ਇਕ ਆਦਮ
ਤੇ ਇਕ ਹੱਵਾ ਦੀ ਔਲਾਦ ਹੈ
ਉਨ੍ਹਾਂ ਦੀਆਂ ਰਗਾਂ ਦਾ ਖ਼ੂਨ ਇਕ ਹੈ
ਇਕੋ ਜਿਹਾ ਹੀ ਲਾਲ ਹੈ !

ਮਨੁਖੀ ਹੋਂਦ ਨੂੰ ਇੰਞ ਮਿਟਾਣਾ
ਇਕ ਤੁੱਛ ਜਿਹਾ ਭੁਲੇਖਾ ਹੈ
ਇਕ ਸਿਰ ਕਟੇਗਾ
ਹਜ਼ਾਰਾਂ ਲੱਖਾਂ ਕਰੋੜਾਂ ਸਿਰ
ਤੱਲੀਆਂ ਉਤੇ ਨਜ਼ਰ ਆਉਣਗੇ
ਜਿਨ੍ਹਾਂ ਸਾਹਮਣੇ ਜ਼ੁਲਮ ਦੇ ਫੰਦੇ
ਸਿਰ ਝੁਕਾ ਕੇ ਸ਼ਰਮਾਉਣਗੇ ।

ਮਨੁੱਖ ਦਾ ਮਨੁੱਖ ਨਾਲ
ਸਾਂਝੇ ਦੁੱਖ ਜ਼ਰੀਏ ਹੀ ਰਿਸ਼ਤਾ ਹੈ
ਜੋ ਇਨਸਾਨੀਅਤ ਦਾ ਰਿਸ਼ਤਾ ਹੈ
ਜੋ ਸਭ ਰਿਸ਼ਤਿਆਂ ਤੋਂ
ਉੱਚਾ ਸੁੱਚਾ ਤੇ ਮਹਾਨ ਹੈ ।
ਆਜ਼ਾਦੀ ਲਈ ਲੜ ਰਹੀ
ਜ਼ੁਲਮ ਵਿਰੁਧ ਲੜ ਰਹੀ
ਹਰ ਕੌਮ ਨਾਲ —
ਪਹਾੜਾਂ, ਧਰਤੀਆਂ, ਸਮੁੰਦਰਾਂ
ਅਸਮਾਨਾਂ ਦਾ ਰਿਸ਼ਤਾ ਹੋਵੇ ਜਾਂ ਨਾ
ਸਾਂਝੀ ਮਨੁੱਖਤਾ ਦਾ ਰਿਸ਼ਤਾ ਮਹਾਨ ਹੈ ।
ਮਾਸ ਸਰਵ ਵਿਆਪੀ ਹੈ
ਇਕ ਦੇਸ਼ 'ਚ ਭੁੱਜਦੇ ਮਾਸ ਦੀ ਗੰਧ
ਤੜਪਾ ਦੇਂਦੀ ਹੈ ਜਿਉਂਦੀ ਮਨੁੱਖਤਾ ਨੂੰ
ਇਨਸਾਨੀਅਤ ਦਾ ਦੁੱਖ ਇਕ ਹੈ
ਦੁੱਖ ਦੀ ਮੂਕ ਜ਼ਬਾਨ ਇਕ ਹੈ
ਦੁਨੀਆਂ ਤੇ ਫੈਲੇ ਕਈ ਕਰੋੜ ਜੀਵ
ਸਾਂਝੀ ਇਨਸਾਨੀਅਤ ਦੀ ਇਕ ਆਤਮਾ ਹੈ ।

ਇਨਸਾਨੀਅਤ ਮਿਟ ਨਹੀਂ ਸਕਦੀ !
ਮਨੁੱਖਤਾ ਮਰ ਨਹੀਂ ਸਕਦੀ !!
ਸਾਂਝੇ ਦੁੱਖ ਦੀ ਖਾਤਰ
ਸਾਂਝੇ ਘੋਲ ਖ਼ਾਤਰ
ਇਕ ਸਿਰ ਕੱਟ ਜਾਵੇਗਾ
ਹਜ਼ਾਰਾਂ ਲੱਖਾਂ ਕਰੋੜਾਂ ਸਿਰ
ਤਲੀਆਂ ਉਤੇ ਨਜ਼ਰ ਆਉਣਗੇ
ਜਿਨ੍ਹਾਂ ਸਾਹਮਣੇ ਜ਼ੁਲਮ ਦੇ ਫੰਦੇ
ਸਿਰ ਝੁਕਾ ਕੇ ਸ਼ਰਮਾਉਣ ਗੇ ।

## ਤਿੰਨ ਖਿਆਲ

(ਸਾਧੂ)

● ਬਾਹਰ ਇਕ ਸੂਰਜ ਉੱਚਾ ਉਠ ਰਿਹਾ ਹੈ
ਮੈਂ ਹਨੇਰੇ ਘਰ ਵਿੱਚ
ਬੰਦ ਕਮਰੇ ਵਿੱਚ ਬੈਠਾ ਹਾਂ
ਪਹਿਲਾਂ ਨਹੀਂ ਸੀ, ਪਰ ਹੁਣ ਇਹ ਹਨੇਰਾ
ਚੁੱਭ ਰਿਹਾ ਹੈ ਵਾਂਗਰ ਸੂਲਾਂ
ਉਸ ਸੂਰਜ ਨੂੰ ਕਮਰੇ ਅੰਦਰ
ਲਿਆਉਣ ਦੀ ਸੋਚ ਰਿਹਾ ਹਾਂ।

● ਆਉਂਦੇ ਨੇ ਆ ਕੇ ਚਲੇ ਜਾਂਦੇ ਨੇ
ਮੇਰੇ ਸੁਪਨੇ ਮੇਰੇ ਖਿਆਲ
ਹਰ ਸੁਪਨੇ ਖਿਆਲ ਨਾਲ ਮੈਂ ਜਾਣਾ ਚਾਹਾਂ
ਪਰ ਧੜ ਨਾ ਚਲੇ ਮੇਰੇ ਨਾਲ

● ਕਈ ਦਿਸ਼ਾਵਾਂ ਨੇ ਆਸ਼ੇ ਨੇ
ਭਿੰਨ ਭਿੰਨ ਰਸਤੇ ਨੇ ਜਾਂਦੇ
ਭਿੰਨ ਭਿੰਨ ਮੰਜ਼ਿਲਾਂ ਵੱਲ।
ਜੇ ਮੰਜ਼ਿਲ ਚੰਗੀ ਲੱਗੇ ਤਾਂ ਰਸਤਾ ਰਾਸ ਨਹੀਂ
ਜੇ ਰਸਤਾ ਚੰਗਾ ਹੈ ਤਾਂ ਮੰਜ਼ਿਲ ਦੇ ਚੰਗੇ ਹੋਣ ਦੀ ਆਸ ਨਹੀਂ
ਦੋ ਕਦਮ ਇੱਕ ਮੰਜਲ ਵਲ
ਦੋ ਕਦਮ ਦੂਜੇ ਰਸਤੇ ਤੇ
ਇੱਕ ਚੱਕਰ ਵਿੱਚ ਜ਼ਿੰਦਗੀ ਬੀਤ ਰਹੀ ਹੈ।

## ਗ਼ਜ਼ਲ

(ਗੁਰਮੇਲ ਸਿੰਘ ਰਾਹੀ)

*ਇਹ ਕੇਹਾ ਵਰਦਾਨ ਮੈਨੂੰ ਦੇ ਰਹੇ ਹੋ।
ਭਟਕਣਾ ਦੀ ਖ਼ਾਨ ਮੈਨੂੰ ਦੇ ਰਹੇ ਹੋ।
*ਘੱਟ ਸੀ ਕੀ ਸੁੰਨ ਮੇਰੀ ਦਾ ਖਿਲਾਅ,
ਸੁਨਸਾਨ ਬੀਆਬਾਨ ਮੈਨੂੰ ਦੇ ਰਹੇ ਹੋ।
*ਕੀ ਮੇਰੀ ਦੁਨੀਆਂ ਹਨੇਰੀ ਘੱਟ ਸੀ,
ਕਾਲਖਾਂ ਦਾ ਦਾਨ ਮੈਨੂੰ ਦੇ ਰਹੇ ਹੋ।
*ਕੱਠਿਆਂ ਜੋ ਵਣਜੀਆਂ ਸਨ ਮੁਸ਼ਕਲਾਂ
ਹੋ ਕੇ ਮੇਹਰਬਾਨ ਮੈਨੂੰ ਦੇ ਰਹੇ ਹੋ।
*ਸੀਨਿਉਂ ਜੋ ਲੰਘਦੀ ਹੈ ਤੀਰ ਵਾਂਗ
ਇਹ ਕੇਹੀ ਮੁਸਕਾਨ ਮੈਨੂੰ ਦੇ ਰਹੇ ਹੋ।
*ਦਿਲ ਕਿਵੇਂ ਬਹਿਲੇਗਾ ਮੇਰੀ ਲਾਸ਼ ਦਾ,
ਉੱਜੜੇ ਸ਼ਮਸ਼ਾਨ ਮੈਨੂੰ ਦੇ ਰਹੇ ਹੋ।
ਤੇਰਿਆਂ ਹੱਥਾਂ 'ਚੋਂ ਹੈ ਸੱਭੋ ਕਬੂਲ
ਜੋ ਵੀ ਮੇਰੀ ਜਾਨ ਮੈਨੂੰ ਦੇ ਰਹੇ ਹੋ।

---

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :
**'ਵਤਨੋਂ ਦੂਰ'**
P. O. BOX 1041
Coquitlam, B. C. Canada

## ਮੇਰਾ ਜੀਵਨ

(ਬਲਬੀਰ ਸਿੰਘ-SHWEBO, BURMA)

ਇਕ ਦਰਦ, ਇਕ ਪੀੜ, ਇਕ ਉਦਾਸੀ ਤੇ ਦਿਲਗੀਰੀ।
ਇਕ ਆਸ, ਇਕ ਪਿਆਸ, ਇਕ ਯਾਦ ਕਿਸੇ ਦੀ ਪਿਆਰੀ।
ਰੇਹ ਰੇਹ ਆਣ ਜਗਾਵੇ, ਕੋਈ ਰਬੀ ਜੋਤ ਨਿਆਰੀ।
ਦੇਖਾਂ, ਪਰ ਦਿਸੇ ਨਾਹੀ, ਤੜਫੇ ਜਿੰਦ ਦੁਖਿਆਰੀ।

ਪਕੜ-ਵਿਛੋੜਾ; ਮੇਲ-ਜੁਦਾਈਆਂ
ਹੌਂਕੇ-ਆਹਾਂ, ਅੱਖ-ਸਰਮਾਈਆਂ
ਰੋਂਦੀਆਂ-ਖੁਸ਼ੀਆਂ, ਹਸਦੀਆਂ-ਗ਼ਮੀਆਂ
ਵਗਦੇ-ਅਥਰੂ, ਰਾਤਾਂ ਲੰਮੀਆਂ
ਠਰੀਆਂ-ਪੀੜਾਂ, ਪੰਘਰੀਆਂ-ਖੁਸ਼ੀਆਂ
ਧਹੂਹ-ਕਲੇਜੇ, ਗਰਮੀਆਂ-ਆਈਆਂ
ਰੋ ਰੋ-ਅੱਖੀਆਂ, ਨੀਰ-ਵਹਾਈਆਂ
"ਬੀਰ"-ਤੜਫੇ, ਵਿਚ-ਜੁਦਾਈਆਂ
ਪਰਤਖ-ਸੁਫ਼ਨੇ, ਗੁਝਾ-ਜੀਵਨ
ਮੇਰੀ-ਜ਼ਿੰਦਗੀ, ਝੂਠਾ-ਜੀਵਨ

ਨਾ ਮੈ ਲਿਖਾਂ, ਨਾ ਮੈ ਗਾਵਾਂ, ਕਿਸਨੂੰ ਲਿਖਾਂ, ਕੀਹਨੂੰ ਸੁਣਾਵਾਂ
ਸੁਣਨ ਵਾਲਾ ਜਾ ਛੁਪਿਆ, ਵਿਚ "ਨਾਗਾ-ਹਿੱਲ" ਪਹਾੜਾਂ
ਨ ਕੋਈ ਪੜ੍ਹਦਾ, ਨ ਕੋਈ ਸੁਣਦਾ
ਪੜ੍ਹ-ਸੁਣਕੇ, ਨ ਕੋਈ ਸਮਝਦਾ
ਮੈਂ ਹੋਵਾਂ ਜਾਂ ਮੇਰੇ ਜਿਹਾ, ਉਹ ਸਮਝੇ ਇਹ ਗੀਤ
ਝੂਠੀ ਦੁਨੀਆਂ, ਝੂਠਾ ਜੀਵਨ, ਝੂਠੀ ਜਗ ਦੀ ਪ੍ਰੀਤ

---

## ਪਾਠਕਾਂ ਦੇ ਨਾਂ

* ਜਦੋਂ ਤੁਹਾਡਾ ਪਤਾ ਬਦਲੇ; ਆਪਣਾ ਨਵਾਂ ਪਤਾ, ਫ਼ੋਨ ਨੰ: ਤੇ ਜ਼ਿਪ ਨੰ: (ਜੋ ਤੁਹਾਡੇ ਐਡਰੈੱਸ ਤੇ ਦਰਜ ਕੀਤਾ ਹੁੰਦਾ ਹੈ) ਜਲਦੀ ਸਾਨੂੰ ਭੇਜੋ!
* ਕਿਸੇ ਮਹੀਨੇ ਪਰਚਾ ਨਾ ਮਿਲੇ, ਸਾਨੂੰ ਸੂਚਿਤ ਕਰੋ।
* ਡਾਕ-ਪ੍ਰਬੰਧ 'ਚ ਤੇਜ਼ੀ ਲਈ ਆਪਣਾ ਕੋਡ ਨੰਬਰ ਸਾਨੂੰ ਲਿਖਣਾ ਨਾ ਭੁੱਲੋ!

ਹਾਸਰਸ ਕਾਲਮ ਲਈ ਸਾਡਾ ਵਿਸ਼ੇਸ਼
ਸਹਿਯੋਗੀ ਮਾਸਕ-ਪੱਤਰ
**ਨਵਾਂ ਸਾਹਿਤ**
32-ਬੀ ਪਲੱਈਅਰ ਗਾਰਡਨ
ਮਾਰਕੀਟ, ਚਾਂਦਨੀ ਚੌਕ
ਨਵੀਂ ਦਿੱਲੀ
(ਸੰਪਾਦਕ: ਪਿਆਰਾ ਸਿੰਘ ਦਾਤਾ)

ਸਥਾਈ ਕਾਲਮ

# ਸੰਜੀਵਨੀ ਬੂਟੀ

(ਹਾਸ ਰਸ)

ਪ੍ਰਸਿੱਧ ਹਾਸਰਸ ਲੇਖਕ ਸ੍ਰੀ ਅਨੰਤ ਸਿੰਘ ਕਾਬਲੀ ਜੀ ਦੀਆਂ ਏਹ ਤਿੰਨ ਰਚਨਾਵਾਂ ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਹਸੰਦਿਆਂ ਖੇਲੰਦਿਆਂ' ਵਿਚੋਂ ਵੰਨਗੀ ਮਾਤਰ ਪੇਸ਼ ਹਨ। ਉਨ੍ਹਾਂ ਤੱਕ ਪੁੱਜਣ ਲਈ ਤੇ ਉਨ੍ਹਾਂ ਦੇ ਸਹਿਯੋਗ-ਵਾਅਦੇ ਲਈ ਅਸੀਂ ਪਿਆਰਾ ਸਿੰਘ ਦਾਤਾ ਅਤੇ ਅਨੰਤ ਸਿੰਘ ਕਾਬਲੀ ਦੋਹਾਂ ਦੇ ਹਾਰਦਿਕ ਧੰਨਵਾਦੀ ਹਾਂ। (ਸੰਪਾਦਕ)

## ਲੀਡਰ ਨੂੰ

ਨਹੀਂ ਲੋੜ ਵਿਦਿਆ ਦੀ ਉੱਕਾ ਹੀ ਤੈਨੂੰ,
ਤੂੰ ਐਵੇਂ ਹੀ ਗੱਡੀ ਚਲਾਂਦਾ ਚਲਾ ਜਾ।
ਤੂੰ 'ਟਾਪ-ਆਫ-ਵਾਇਸ' ਤੇ ਦੇ ਦੇ ਕੇ ਲੈਕਚਰ,
ਤੂੰ ਫੋਕੀ ਤਸੱਲੀ ਦਿਲਾਂਦਾ ਚਲਾ ਜਾ।
ਚਲਿੱਤਰ ਤੇ ਠਗਬਾਜ਼ੀ ਦਾ ਪਹਿਨ ਜਾਮਾ,
ਤੂੰ ਲੋਕਾਂ ਨੂੰ ਬੁਧੂ ਬਣਾਂਦਾ ਚਲਾ ਜਾ।
ਗ਼ਰਜ ਕੀ ਏ ਤੈਨੂੰ ਜੇ ਭੁਖ ਨੰਗ ਹੈ ਸਾਰੇ,
ਤੂੰ ਖਾ ਖਾ ਕੇ ਢਿਡ ਨੂੰ ਵਧਾਂਦਾ ਚਲਾ ਜਾ।
ਤੂੰ ਲੋਕਾਂ ਨੂੰ ਦਸ ਦਸ ਕੇ ਸਾਦਾ ਹੀ ਜੀਵਨ,
ਐਂਦਰਖ਼ਾਨੇ ਵਿਸਕੀ ਉਡਾਂਦਾ ਚਲਾ ਜਾ।
ਗਰੀਬਾਂ ਦੇ ਬਚੇ ਜੇ ਰੋਟੀ ਲਈ ਵਿਲਕਣ
ਤੂੰ ਇਹਨਾਂ ਨੂੰ ਤਕ ਨਕ ਚੜ੍ਹਾਂਦਾ ਚਲਾ ਜਾ।
ਤੇਰੇ ਬਚਿਆਂ ਨੂੰ ਜੇ ਭੁਖ ਵੀ ਨਾ ਹੋਵੇ,
ਮਖਣ, ਟੋਸਟ, ਅੰਡੇ ਖਵਾਂਦਾ ਚਲਾ ਜਾ।
'ਫ਼ਲੋਰਾਂ' ਦੀ ਕਰਕੇ 'ਕਰਾਸਿੰਗ' ਤੂੰ ਬੇਸ਼ਕ,
ਲਗਾਂਦਾ ਚਲਾ ਜਾ ਬੁਝਾਂਦਾ ਚਲਾ ਜਾ।
ਪਏ ਉਠ ਨੇ ਮੱਕੂ ਠੱਪਣ ਵਾਲੇ ਤੇਰਾ,
ਤੂੰ ਟਿੰਡ ਫੂੜੀ ਅਪਣੀ ਉਠਾਂਦਾ ਚਲਾ ਜਾ।

## ਢੀਠ ਤੇ ਬੇਸ਼ਰਮ

ਇਹਨਾਂ ਨਾਲ ਜੇ ਮੱਥਾ ਲਾਇਆ,
ਡਾਢਾ ਇਹ ਅਕਾਵਣਗੇ।
'ਅੱਕ ਜਮਿਆ' ਜੇ ਆਖੋਂ ਤਾਂ ਇਹ,
'ਛਾਂਵੇਂ ਬਹਿਣ' ਸੁਣਾਵਣਗੇ।
ਝਾੜ ਝੰਬ ਜੇ ਦਿਉ 'ਕਾਬਲੀ'
ਸਿਰ ਛੰਡ ਅਗੋਂ ਕਹਿ ਦੇਂਦੇ,
ਦੜ ਵੱਟ, ਦਿਹਾੜੇ ਕੱਟ,
ਭਲੇ ਦਿਨ ਆਵਣਗੇ।

## ਲੀਚੜ

ਲੀਚੜ ਆਏ ਰਬ ਦੀ ਮੁਕਾਣੇ
ਨਾ ਪੀਣਗੇ ਨਾ ਖਾਣਗੇ।
ਕੀੜਿਆਂ ਖੁਡੀਂ ਬਹਿਣਗੇ ਤੇ
ਬੁਕੀਂ ਵੜੇ ਪਕਾਣਗੇ।
ਇਹਨਾਂ ਨੂੰ ਹੀ ਤਕ ਕੇ 'ਕਾਬਲੀ'
ਕਿਸੇ ਸਿਆਣੇ ਸਚ ਕਿਹਾ,
ਜੋੜ ਜੋੜ ਮਰ ਜਾਣਗੇ ਤੇ
ਮਾਲ ਜਵਾਈ ਖਾਣਗੇ।

---

ਨੋਟ: ਪਿਛਲੇ ਅੰਕ ਵਿੱਚ ਕ੍ਰਿਸ਼ਨ ਚੰਦਰ ਜੀ ਦੀ ਛਪੀ ਕਹਾਣੀ ਦੇ ਅਨੁਵਾਦਕ ਸੁਖਜੀਤ ਸਿੰਘ ਜੀ ਦਾ ਨਾਮ ਗ਼ਲਤੀ ਨਾਲ ਛਪੋਣੋਂ ਰਹਿ ਗਿਆ। ਅਸੀਂ ਅਨੁਵਾਦਕ ਅਤੇ ਪਾਠਕਾਂ ਤੋਂ ਖ਼ਿਮਾਂ ਮੰਗਦੇ ਹਾਂ। - ਸੰਪਾਦਕ

# I want you to pay less income tax this year.

There's a section in the Income Tax Act that says you can deduct a substantial amount from your ? earned income if you have an eligible retirement savings plan. All you have to do is register your annuity or permanent life insurance plan. I can show you how. Just call me. Helping people save tax money is one of the services I perform best.

RIASAT ALI KHAN Of **SunLife** OF CANADA

**500 One Bentall Centre**
**505 Burrard Street**
**Vancouver 1, B.C.**
Off: 681-5321 Res: 785-2950

ਕੀ ਤੁਸੀਂ ਟੈਕਸ ਦੇਣ ਚਾਹੁੰਦੇ ਹੋ ਜਾਂ ਇਸ ਟੈਕਸ ਦੀ ਰਕਮ ਨੂੰ ਆਪਣੇ ਭਵਿੱਖ ਲਈ ਬੱਚਤ ਦਾ ਰੂਪ ਦੇਣ ਦੇ ਚਾਹਵਾਨ ਹੋ? ਸਰਕਾਰ ਦੀਆਂ ਮਨਜ਼ੂਰ-ਸੁਦਾ ਅਜਿਹੀਆਂ ਬੱਚਤ ਸਕੀਮਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਅਤੇ ਹਰ ਪ੍ਰਕਾਰ ਦੇ ਬੀਮੇ (ਜੀਵਨ-ਬੀਮਾ, ਘਰ ਜਾਂ ਕਾਰ ਆਦਿ ਲਈ ਲਏ ਹੋਏ ਕਰਜ਼ੇ ਦਾ ਬੀਮਾ, ਬੱਚਿਆਂ ਵਾਸਤੇ ਵਿੱਦਿਆ ਬੀਮਾ) ਬਾਰੇ ਠੀਕ ਰਾਇ ਹਾਸਲ ਕਰਨ ਲਈ ਖ਼ੁਸ਼ੀ ਨਾਲ ਫ਼ੋਨ ਕਰੋ:

## ਬਾਲ ਸੇਠੀ, ਐੱਮ.ਏ.



## BAL SETHI, M.A.

Bus. 683-6905 Res. 594-6447

**THE MUTUAL LIFE OF CANADA**

977—777 Hornby Street, Vancouver, B.C. V6Z 1S4

## ਰਾਮ'ਜ਼ ਇਲੈਕਟਰਿਕ

## RAM'S ELECTRIC

* Commercial
* Industrial
* Residential

Wiring, Rewiring and Repairs

— 24 Hour Service —

PHONE: 733-8274

104—3533 W. 4th Avenue, Vancouver, B.C.

ਭਾਰਤੀ ਫਿਲਮੀ ਢਾਂਚੇ ਦਾ ਇਕ ਗੰਭੀਰ-ਵਿਸ਼ਲੇਸ਼ਣ :

# ਸਮੁੰਦਰੋਂ ਪਾਰ

(ਸਾਥੀ ਲੁਧਿਆਣਵੀ)

ਫ਼ਿਲਮਾਂ ਅਧੁਨਿਕ ਵਿਗਿਆਨਕ ਪ੍ਰਗਤੀ ਦੇ ਅਜਿਹੇ ਜੁਜ਼ ਹਨ ਜਿਨ੍ਹਾਂ ਦੀ ਸਹੀ ਵਰਤੋਂ ਨਾਲ ਕਿਸੇ ਕੌਮ ਦੀ ਕਿਸਮਤ ਬਦਲੀ ਜਾ ਸਕਦੀ ਹੈ ਤੇ ਗ਼ਲਤ ਵਰਤੋਂ ਨਾਲ ਸਮਾਜਕ, ਸਭਿਆਚਾਰਕ ਤੇ ਆਰਥਕ ਦੀਵਾਲਾ ਵੀ ਨਿਕਲ ਸਕਦਾ ਹੈ। ਅੱਜ ਅਸੀਂ ਇਸ ਲੇਖ ਵਿਚ ਦਸਤਾਵੇਜ਼ੀ ਫ਼ਿਲਮਾਂ ਦੀ ਗੱਲ ਨਹੀਂ ਕਰਨੀ, ਸਗੋਂ ਭਾਰਤੀ ਫ਼ੀਚਰ ਫ਼ਿਲਮਾਂ ਨੂੰ ਧਿਆਨ ਗੋਚਰੇ ਰਖ ਕੇ ਇਸ ਸਿੱਟੇ ਉਤੇ ਅਪੜਨ ਦਾ ਯਤਨ ਕਰਨਾ ਹੈ ਕਿ ਭਾਰਤੀ ਫ਼ੀਚਰ ਫ਼ਿਲਮਾਂ ਨੂੰ ਕਿਹੜੇ ਰਾਹੇ ਤੋਰਿਆ ਜਾਵੇ ਕਿ ਲੋਕਾਂ ਨੂੰ ਆਪਣੇ ਚੰਗੇ ਭਵਿਖ ਦਾ ਝੌਲਾ ਪੈ ਸਕੇ।

ਜਦੋਂ ਕਿਤੇ ਅਸੀਂ ਕੁਝ ਕੁ ਲਗਾਤਾਰ ਹੀ ਅੰਗਰੇਜ਼ੀ ਫ਼ਿਲਮਾਂ ਵੇਖ ਲੈਂਦੇ ਹਾਂ ਤਾਂ ਉਸ ਪਿਛੋਂ ਵੇਖੀ ਭਾਰਤੀ ਫ਼ਿਲਮ 'ਚੋਂ ਸਹਿਜੇ ਹੀ ਅਜਿਹੇ ਨੁਕਸ ਕੱਢ ਸਕਦੇ ਹਾਂ ਜਿਨ੍ਹਾਂ ਨੂੰ ਥੋੜੀ ਜਿੰਨੀ ਮਿਹਨਤ ਤੇ ਦੂਰ-ਅੰਦੇਸ਼ੀ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਭਾਰਤੀ ਫ਼ਿਲਮਾਂ ਵਿਚ ਸਭ ਤੋਂ ਵੱਡਾ ਨੁਕਸ ਇਹ ਹੁੰਦਾ ਹੈ ਕਿ ਉਹ ਕਦੇ ਘੱਟ ਵਧ ਹੀ ਕੇਵਲ਼ ਇੱਕੋ ਵਿਸ਼ੇ ਬਾਰੇ ਹੁੰਦੀਆਂ ਹਨ। ਅਕਸਰ ਉਨ੍ਹਾਂ ਵਿਚ ਸੁਖਾਂਤ ਵੀ ਵਿਖਾਇਆ ਹੁੰਦਾ ਹੈ, ਦੁਖਾਂਤ ਵੀ ਤੇ ਸੰਗੀਤਕ ਕਰਨ ਦਾ ਵੀ ਜਤਨ ਕ਼ੀਤਾ ਜਾਂਦਾ ਹੈ। ਜ਼ਿੰਦਗੀ ਹੈ ਤਾਂ ਇਨ੍ਹਾਂ ਤਿੰਨਾਂ ਦਾ ਹੀ ਸੁਮੇਲ ਪਰ ਤਿੰਨਾਂ ਘੰਟਿਆਂ ਦੀ ਫ਼ਿਲਮ 'ਚ ਜ਼ਿੰਦਗੀ ਦਾ ਕੇਵਲ ਇੱਕੋ ਪਹਿਲੂ ਹੀ ਚੰਗੀ ਤਰ੍ਹਾਂ ਵਿਖਾਇਆ ਜਾ ਸਕਦਾ ਹੈ। ਪੱਛਮੀ ਫ਼ਿਲਮਾਂ ਵੇਖਣ ਪਿਛੋਂ ਦੂਜਾ ਵੱਡਾ ਨੁਕਸ ਆਪਣੀਆਂ ਫ਼ਿਲਮਾਂ ਵਿਚ ਇਹ ਦਿਖਾਈ ਦੇਂਦਾ ਹੈ ਕਿ ਉਹਨਾਂ ਵਿਚ ਗ਼ੈਰ-ਕੁਦਰਤੀ ਘਟਨਾਵਾਂ ਦੀ ਭਰਮਾਰ ਹੁੰਦੀ ਹੈ। ਇਸ ਗੱਲ ਨੂੰ ਅੰਗਰੇਜ਼ੀ ਫ਼ਿਲਮਾਂ ਦੇ ਚੁੱਪ ਯੁਗ ਨਾਲ ਮੁਕਾਬਲਿਆਇਆ ਜਾ ਸਕਦਾ ਹੈ। ਚਾਰਲੀ ਚੇਪਲਿਨ, ਲਾਰਲ ਹਾਰਡੀ ਤੇ ਬੱਸੱਟਰ ਕੀਟਨ ਦੀਆਂ 1920-1928 ਦੇ ਸਮੇਂ ਦੀਆਂ ਫ਼ਿਲਮਾਂ ਵਿਚ ਗ਼ੈਰ-ਕੁਦਰਤੀ ਘਟਨਾਵਾਂ ਦੀ ਭਰਮਾਰ ਹੁੰਦੀ ਸੀ। ਗ਼ੈਰ-ਕੁਦਰਤੀ ਤੋਂ ਮੇਰਾ ਭਾਵ ਇੱਕ ਉਧਾਹਰਣ ਤੋਂ ਸਪਸ਼ਟ ਕੀਤਾ ਜਾ ਸਕਦਾ ਹੈ ਕਿ ਨਾਇਕ ਚੋਰ ਵੀ ਹੈ ਪਰ ਗ਼ਰੀਬਾਂ ਦਾ ਦਰਦੀ ਵੀ। ਉਹ ਅਮੀਰਾਂ ਨੂੰ ਲੁਟਦਾ ਹੈ ਗ਼ਰੀਬਾਂ ਨੂੰ ਦੇਂਦਾ ਹੈ। ਫੇਰ ਕਿਤੇ ਜਦੋਂ ਉਹ ਕਿਸੇ ਅਮੀਰ ਦੇ ਘਰ ਡਾਕਾ ਮਾਰਦਾ ਹੈ ਤਾਂ ਅਮੀਰ ਦੀ ਜਵਾਨ ਧੀ ਉਹਦੇ ਉਤੇ ਡੁਲ ਪੈਂਦੀ ਹੈ, ਫੇਰ ਧੀ ਆਪਣੇ ਮਹਿਬੂਬ ਨੂੰ ਖ਼ੁਸ਼ ਕਰਨ ਲਈ ਸਾਰਾ ਧਨ ਗ਼ਰੀਬਾਂ ਵਿਚ ਵੰਡ ਦੇਂਦੀ ਹੈ। ਅਜਿਹੀ ਗੱਲ ਅਸਲ ਜ਼ਿੰਦਗੀ ਵਿਚ ਸੰਭਵ ਨਹੀਂ।

ਭਾਰਤੀ ਫ਼ਿਲਮਾਂ ਦਾਂ ਧੁਰਾ ਕੁੜੀ ਮੁੰਡੇ ਦਾ ਇਸ਼ਕ ਹੁੰਦਾ ਹੈ। ਪੰਚਾਨਵੇਂ ਪ੍ਰਤੀਸ਼ਤ ਫ਼ਿਲਮਾਂ ਦੀਆਂ ਕਹਾਣੀਆਂ ਕੁੜੀ ਮੁੰਡੇ ਦੇ ਮੇਲ ਅਤੇ ਕਿਸੇ ਦੂਸਰੇ ਦਾ ਲੱਤ ਅੜਾਉਣਾ ਹੀ ਹੁੰਦਾ ਹੈ। ਸਾਰੀ ਫ਼ਿਲਮ ਵਿਚ ਨਾਇਕ ਨਾਇਕਾ ਸਮਾਜ ਦੇ ਇਨ੍ਹਾਂ ਰੋੜਿਆਂ ਨੂੰ ਪਰ੍ਹਾਂ ਕਰਦੇ ਰਹਿੰਦੇ ਹਨ। ਅੰਤ ਵਿਚ ਜਾਂ ਤਾਂ ਉਹ ਇਹਨਾਂ ਮੁਸ਼ਕਲਾਂ ਨੂੰ ਹੱਲ ਕਰ ਲੈਂਦੇ ਹਨ ਤੇ ਜਾਂ ਫਿਰ ਆਤਮਘਾਤ ਕਰ ਲੈਂਦੇ ਹਨ ਤੇ ਜਾਂ ਫਿਰ ਇਸ ਨੂੰ ਹੋਰ ਵੀ ਦੁਖਾਂਤਕ ਦਿਖਾਉਣ ਲਈ ਕਈ ਵੇਰ ਨਾਇਕਾ ਨੂੰ ਮਾਰ ਦਿਤਾ ਜਾਂਦਾ ਹੈ ਸਿੱਟੇ ਵਜੋਂ ਨਾਇਕ ਉਸ ਦੀ ਮੜ੍ਹੀ ਉਤੇ ਬੈਠਾ ਸਾਰੀ ਉਮਰ ਰੋਂਦਾ ਰਹਿੰਦਾ ਹੈ। ਅਜਿਹੀਆਂ ਫ਼ੀਚਰ ਫ਼ਿਲਮਾਂ ਜ਼ਿੰਦਗੀ ਦਾ ਕੁਝ ਨਹੀਂ ਸੰਵਾਰਦੀਆਂ। ਦੇਸ ਦੀ ਜਵਾਨ ਪਨੀਰੀ ਨੂੰ ਢਾਹੂ ਰੁਚੀਆਂ ਵਲ ਪ੍ਰੇਰਦੀਆਂ ਹਨ। ਇਸ਼ਕ ਨੂੰ ਜ਼ਿੰਦਗੀ ਦਾ ਇਕ ਨਰੋਆ ਅਤੇ ਆਦਰਸ਼ਕ ਅੰਗ ਦਿਖਾਉਣ ਦੀ ਬਜਾਏ ਇਕ ਅੱਖ ਮਟੱਕੇ ਦੀ ਹੱਦ ਤਕ ਹੀ ਛਡ ਜਾਂਦੀਆਂ ਹਨ। ਸਾਡੀਆਂ ਫ਼ਿਲਮਾਂ ਵਿਚ ਦਿਖਾਇਆ ਜਾਂਦਾ ਇਸ਼ਕ ਅਸਲ ਜ਼ਿੰਦਗੀ ਵਿਚ ਵਾਪਰਦੇ ਪਿਆਰਾਂ ਤੋਂ ਕੋਹਾਂ ਦੂਰ ਹੈ। ਭਾਰਤ ਵ੍ਰਿਚ ਅਜੇ ਵੀ ਚੋਣ ਦੇ ਵਿਆਹ ਨਹੀਂ ਹੁੰਦੇ। ਮੁੰਡਾ ਕੁੜੀ ਆਪਣੇ ਵਿਆਹ ਦਾ ਖ਼ੁਦ ਫ਼ੈਸਲਾ ਨਹੀਂ ਕਰ ਸਕਦੇ। ਮੁੰਡਿਆਂ ਦਾ ਕੁੜੀਆਂ ਪ੍ਰਤੀ ਆਦਰ ਨਹੀਂ। ਉਹ ਫ਼ਿਲਮਾਂ ਵਿਚ ਵੇਖੇ ਰਜੇਸ਼ ਖੰਨਾ ਵਾਂਗ ਸਾਈਕਲਾਂ ਉਤੇ ਉਨ੍ਹਾਂ ਦਾ ਪਿੱਛਾ ਕਰਦੇ ਹਨ। ਬੋਲ ਕੁਬੋਲ ਬੋਲਦੇ ਹਨ ਤੇ ਇਸਤ੍ਰੀਅਤ ਦਾ ਨਿਰਾਦਰ ਕਰਦੇ ਹਨ। ਅਜਿਹੇ ਮੁਟਿਆਰਾਂ ਤੇ ਗੱਭਰੂ ਇੱਸ਼ਕ ਨੂੰ ਇੱਕ ਮਨਚਲੀ ਚੀਜ਼ ਸਮਝਦੇ ਹਨ। ਇਹ ਸਭ ਕੁਝ ਭਾਰਤ ਵਿਚ ਧੜਾਧੜ ਬਣਦੀਆਂ ਲੱਚਰ ਕਿਸਮ ਦੀਆਂ ਫ਼ਿਲਮਾਂ ਦਾ ਹੀ ਸਿੱਟਾ ਹੈ।

ਭਾਰਤ ਦੇ ਅੱਜ ਦੇ ਗੱਭਰੂ ਦਾ ਰੋਲ ਕੁੜੀਆਂ ਨਾਲ ਛੇੜਖ਼ਾਨੀ ਕਰਨਾ ਹੀ ਨਹੀਂ ਹੈ। ਇਹ ਅਸਲ ਵਿਚ ਥੋੜਾ ਜਿਹਾ ਤਬਕਾ ਹੀ ਫ਼ਿਲਮਾਂ ਦੀਆਂ ਨਕਲਾਂ ਕਰਨ ਤਕ ਮਹਿਦੂਦ ਹੈ। ਭਾਰਤ ਦਾ ਆਮ ਨੌਜਵਾਨ ਜ਼ਿੰਦਗੀ ਤੋਂ

ਨਿਰਾਸ ਹੈ। ਉਸ ਨੂੰ ਦੇਸ਼ ਦਾ ਭਵਿੱਸ਼ ਧੁੰਦਲਾ ਲੱਗਦਾ ਹੈ। ਉਸ ਦੇ ਜਵਾਨ ਜੁੱਸੇ ਵਿਚ ਓਦੋਂ ਜਵਾਲਾ ਭੜਕ ਉੱਠਦੀ ਹੈ ਜਦੋਂ ਉਹ ਬੇਸਹਾਰਾ ਮਾਪਿਆਂ, ਰਿਸ਼ਤੇਦਾਰਾਂ ਅਤੇ ਭੈਣਾਂ ਭਰਾਵਾਂ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ, ਕਿਉਂਕਿ ਉਹ ਖ਼ੁਦ ਬੇਕਾਰ ਹੈ। ਉਸ ਨੂੰ ਆਪਣੇ ਜਵਾਨ ਜੁੱਸੇ ਨਾਲ ਬੇਬਸੀ ਦੀ ਨਫ਼ਰਤ ਜਾਗਦੀ ਹੈ। ਕੋਈ ਰਸਤਾ ਨਜ਼ਰ ਆਉਂਦਾ ਨਾ ਦੇਖ ਕੇ ਉਹ ਜਾਂ ਤਾਂ ਆਤਮ-ਹੱਤਿਆ ਕਰ ਲੈਂਦਾ ਹੈ ਤੇ ਜਾਂ ਕਿਸੇ ਅੱਤਵਾਦੀ ਲਹਿਰ ਦਾ ਮੈਂਬਰ ਬਣ ਕੇ ਸਮਾਜ ਵਿਰੁੱਧ ਬਗ਼ਾਵਤ ਕਰਦਾ ਹੈ ਤੇ ਕਈ ਵੇਰ ਹਾਕਮ ਜਮਾਤ ਦੀ ਪੁਲਿਸ ਹੱਥੋਂ ਮਾਰਿਆ ਜਾਂਦਾ ਹੈ। ਭਾਰਤ ਵਿਚ ਅਜੇ ਵੀ ਅਜਿਹੀ ਪ੍ਰਣਾਲੀ ਕਾਇਮ ਹੈ ਕਿ ਦਾਜ-ਦਹੇਜ ਨਾ ਦੇ ਸਕਣ ਕਰਕੇ ਕਈਆਂ ਮਾਪਿਆਂ ਦੀਆਂ ਧੀਆਂ ਉਮਰ ਭਰ ਕੰਵਾਰੀਆਂ ਰਹਿ ਜਾਂਦੀਆਂ ਹਨ। ਮਦਰਾਸ ਅਤੇ ਬੰਗਾਲ ਵਿਚ ਭਾਵੇਂ ਇਹ ਗੱਲ ਵਧੇਰੇ ਰੜਕਦੀ ਹੈ ਪਰ ਅਸਲ ਵਿਚ ਇਹ ਸਾਰੇ ਭਾਰਤ ਵਿਚ ਹੀ ਵਿਆਪਕ ਹੈ।

ਕੀ ਕੋਈ ਅਜੇਹਾ ਫ਼ਿਲਮ-ਨਿਰਮਾਤਾ ਹੈ ਜਿਹੜਾ ਸਮਾਜ ਦੇ ਇਸ ਘਿਨਾਉਣੇ ਅੰਸਰ ਦੀ ਵਜਾ ਕਰਕੇ ਸਾਰੀ ਉਮਰ ਕੰਵਾਰੀ ਰਹਿ ਗਈ ਕੁੜੀ ਦੀ ਮਨੋਅਵਸਥਾ ਆਪਣੀ ਫ਼ਿਲਮ ਵਿਚ ਦਿਖਾ ਸਕਿਆ ਹੋਵੇ ? ਕੀ ਉਸ ਕੁੜੀ ਦੇ ਜ਼ਜ਼ਬਿਆਂ ਦੇ ਕਤਲ ਦਾ ਜ਼ਿੰਮੇਵਾਰ ਇਹ ਸਮਾਜ ਨਹੀਂ ? ਕੀ ਅਜਿਹੇ ਕਾਤਲ ਨੂੰ ਨੰਗਿਆਂ ਨਹੀਂ ਕਰਨਾ ਚਾਹੀਦਾ ? ਅਸਲ ਵਿਚ ਫ਼ਿਲਮ-ਨਿਰਮਾਤਾ ਨੂੰ ਤਾਂ ਬਾਕਸ ਔਫ਼ਿਸ ਫ਼ਿਲਮਾਂ ਬਣਾਉਣ ਦੀ ਹੀ ਪਈ ਹੋਈ ਹੁੰਦੀ ਹੈ। ਉਸ ਕੁੜੀ ਦੀ ਜੀਵਨ ਗਾਥਾਂ ਨੂੰ ਫ਼ਿਲਮਾਉਣ ਲਈ ਕਿਹੜਾ ਹਿੰਮਤ ਕਰੇ ਜਿਸ ਦੀ ਜ਼ਿੰਦਗੀ ਵਿਚ ਕਦੇ ਉਹਦੇ ਸੁਪਨਿਆਂ ਦਾ ਸ਼ਹਿਜ਼ਾਦਾ ਨਹੀਂ ਆਇਆ। ਜਿਸ ਦੇ ਲੰਮੇ ਘਣੇ ਵਾਲਾਂ ਵਿਚ ਕਿਸੇ ਨੇ ਲੰਮੀਆਂ ਨਰੋਈਆਂ ਉਂਗਲਾਂ ਨਹੀਂ ਫੇਰੀਆਂ ਤੇ ਉਹਦੀਆਂ ਕਾਲੀਆਂ ਅੱਖਾਂ ਵਿਚ ਤੱਕ ਕੇ ਕਦੇ ਕਿਸੇ ਜਵਾਨ ਨੇ ਕਿਹਾ ਨਹੀਂ, "ਤੂੰ ਕਿੱਡੀ ਸੋਹਣੀ ਹੈਂ ? ਆ ਮੈਂ ਤੈਨੂੰ ਆਪਣੀ ਗਲਵਕੜੀ ਵਿਚ ਘੁੱਟ ਲਵਾਂ, ਮੈਨੂੰ ਦਾਜ-ਦਹੇਜ ਦੀ ਲੋੜ ਨਹੀਂ, ਆ ਦੋਵੇਂ ਇਕੱਠੇ ਹੋ ਕੇ ਚੰਗੇਰੇ ਭਵਿੱਸ਼ ਲ਼ਈ ਸੰਘਰਸ਼ ਕਰੀਏ ਤੇ ਇਸ ਬੋਦੀ ਪ੍ਰਣਾਲੀ ਨੂੰ ਬਦਲ ਦੇਈਏ।

ਚੀਨ, ਰੂਸ, ਯੂਗੋਸਲਾਵੀਆ, ਰੂਮਾਨੀਆ ਤੇ ਹੋਰ ਸੋਸ਼ਲਿਸਟ ਮੁਲਕਾਂ ਦੀਆਂ ਫ਼ੀਚਰ ਫ਼ਿਲਮਾਂ ਦੇਖਣ ਦਾ ਮੈਂ ਹੇਚੇਚਾ ਉਪਰਾਲਾ ਕੀਤਾ ਸੀ। ਮੈਨੂੰ ਹੈਰਾਨੀ ਹੋਈ ਕਿ ਉਹਨਾਂ ਦੀਆਂ ਫ਼ਿਲਮਾਂ ਵਿਚ ਦਿਖਾਇਆ ਜਾਂਦਾ ਪਿਆਰ ਜ਼ਿੰਦਗੀ ਦੇ ਕੇਡਾ ਨੇੜੇ ਹੈ। ਉਹਨਾਂ ਦੇ ਪਾਤਰ ਜ਼ਿੰਦਗੀ ਦੀਆਂ ਆਰਥਕ ਮੁਸ਼ਕਲਾਂ ਨਾਲ ਬਹਾਦਰਾਨਾ ਘੋਲ ਕਰਦੇ ਹਨ। ਪੂੰਜੀਪਤੀਆਂ ਦੀ ਵਜ੍ਹਾ ਕਰਕੇ ਸਮਾਜ ਵਿਚ ਪੈਦਾ ਹੋ ਗਏ ਗੰਦ ਗਲੋਚ ਨੂੰ ਉਹ ਪਰ੍ਹਾਂ ਕਰਦੇ ਹਨ। ਨਾਇਕ ਨਾਇਕਾ ਸਾਰੀ ਫ਼ਿਲਮ ਵਿਚ ਆਪਸੀ ਸ਼ਖ਼ਸੀ ਪ੍ਰਾਪਤੀ ਲਈ ਘੋਲ ਨਹੀਂ ਕਰਦੇ ਸਗੋਂ ਸੁਪਨਿਆਂ ਨੂੰ ਯਥਾਰਥਵਾਦ ਵਿਚ ਬਦਲਣ ਲਈ ਉਹ ਯਤਨਸ਼ੀਲ ਰਹਿੰਦੇ ਹਨ। ਚੀਨੀ ਫ਼ਿਲਮਾਂ ਵਿਚ ਖੇਤਾਂ ਦੇ ਸੀਨ, ਫੈਕਟਰੀਆਂ ਦੇ ਸੀਨ ਤੇ ਮਿਹਨਤਕਸ਼ ਬਾਬੂਆਂ ਦੇ ਸੀਨ ਅਸਲੀਅਤ ਦੇ ਕਿਤੇ ਨੇੜੇ ਹੁੰਦੇ ਹਨ।

ਇਸ ਦੇ ਟਾਕਰੇ ਉਤੇ ਜੇਕਰ ਸਾਡਾ ਕੋਈ ਫ਼ਿਲਮਕਾਰ ਖੇਤਾਂ ਨੂੰ ਫ਼ਿਲਮਾਉਣ ਦੀ ਹਿੰਮਤ ਕਰਦਾ ਹੈ ਤਾਂ ਨਾਇਕਾ ਹਲ ਨੂੰ ਚਲਾਉਂਦੀ ਹੋਈ ਵੀ ਕਿਸੇ ਦੇਵ-ਲੋਕ ਦੀ ਪਰੀ ਲੱਗਦੀ ਹੈ। ਜਿਸ ਦੀਆਂ ਉਂਗਲਾਂ ਵਿਚ ਨਜ਼ਾਕਤ ਹੈ, ਜਿਸ ਦੇ ਚਿਹਰੇ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਕਦੇ ਹੱਥੀਂ ਕੰਮ ਹੀ ਨਹੀਂ ਕੀਤਾ। ਉਸ ਦੇ ਚਿਹਰੇ ਉਤੇ ਮੇਕ-ਅੱਪ ਦੀ ਬਹੁਤਾਤ ਹੁੰਦੀ ਹੈ। ਉਸ ਦੇ ਕਪੜੇ ਇੰਜ ਹੁੰਦੇ ਹਨ ਜਿਵੇਂ ਉਹ ਹੁਣੇ ਹੁਣੇ ਹੀ ਕਿਸੇ ਕਲੱਬ ਜਾਣ ਲਈ ਤਿਆਰ ਹੋਈ ਹੋਵੇ। ਨਾਇਕ ਵਿਚ ਵੀ ਕੋਈ ਅਜਿਹੀ ਚੀਜ਼ ਨਜ਼ਰ ਨਹੀਂ ਆਉਂਦੀ, ਜਿਹੜੀ ਅਸਲ ਕਿਸਾਨੀ ਜੀਵਨ ਦੇ ਨੇੜੇ ਹੋਵੇ। ਖੇਤਾਂ ਵਿਚ ਕੰਮ ਕਰਦੇ ਕਰਦੇ ਨਾਇਕ ਨਾਇਕਾ ਇਕ ਦੂਜੇ ਵਲ ਵੇਖਦੇ ਹਨ, ਆਪਣੇ ਜਜ਼ਬਿਆਂ ਦਾ ਇਜ਼ਹਾਰ ਕਰਨ ਲਈ ਉਹ ਕੋਈ ਗਾਣਾ ਗਾਉਂਦੇ ਹਨ ਤੇ ਬਾਅਦ ਵਿਚ ਨਾਇਕ ਨਾਇਕਾ ਨੂੰ ਇੰਜ ਕਣਕ ਦੀਆਂ ਭਰੀਆਂ ਵਿਚ ਸੁਟ ਲੈਂਦਾ ਹੈ ਜਿਵੇਂ ਡੀ. ਐਚ. ਲਾਰਿੰਸ ਆਪਣੇ ਨਾਵਲ "ਸਨਜ਼ ਐਂਡ ਲਵਰਜ਼" ਵਿਚ ਘਾਹ ਉਤੇ ਰੰਗ-ਰਲੀਆਂ ਮਨਾਉਣ ਦਾ ਨਜ਼ਾਰਾ ਪੇਸ਼ ਕਰਦਾ ਹੈ। ਅਸਲੀਅਤ ਦੇ ਨੇੜੇ ਜੇ ਕੋਈ ਫ਼ਿਲਮ ਵੇਖੀ ਹੈ ਤਾਂ ਉਹ ਬਲਰਾਜ ਸਾਹਨੀ ਦੀ "ਦੋ ਬਿਘਾ ਜ਼ਮੀਨ" ਸੀ। ਤੇ ਕਿਸੇ ਹਦ ਤਕ "ਸੁਜਾਤਾ", "ਅਨੁਭਵ", "ਹਕੀਕਤ", "ਸ਼ਹਿਰ ਔਰ ਸਪਨਾ" ਤੇ "ਬਿਰਾਜ ਬਹੂ" ਹੈ ਸਨ। ਸਤਿਆਜੀਤ ਰੇ ਦੀਆਂ ਫ਼ਿਲਮਾਂ ਵੀ ਇਸੇ ਲਈ ਹੀ ਅੰਤਰ-ਰਾਸ਼ਟਰੀ ਪ੍ਰਸਿਧੀ ਪ੍ਰਾਪਤ ਕਰ ਗਈਆਂ ਹਨ ਕਿ ਉਹ ਇਹਨਾਂ ਫ਼ਿਲਮਾਂ ਵਿਚ ਭਾਰਤੀਪਣ ਕਾਇਮ ਰਖਦਾ ਹੈ।

ਇਥੇ ਪੱਛਮ ਵਿਚ ਬਣਦੀਆਂ ਫ਼ਿਲਮਾਂ ਬਾਰੇ ਜ਼ਿਕਰ ਜ਼ਰੂਰੀ ਹੈ। ਜਦੋਂ ਢਿੱਡ ਭਰਿਆ ਹੋਇਆ ਹੁੰਦਾ ਹੈ ਤਾਂ ਮਨੋਰੰਜਨ ਦਾ ਖ਼ਿਆਲ ਆਉਂਦਾ ਹੈ। ਪੱਛਮੀ ਲੋਕ ਏਨੇ ਰੱਜੇ ਪੁੱਜੇ ਹਨ ਕਿ ਉਹ ਫ਼ਿਲਮਾਂ ਵਿਚ ਉਹ ਸਭ ਕੁਝ ਪੇਸ਼ ਕਰਨਾ ਚਾਹੁਣਗੇ ਜਿਹੜਾ ਉਹਨਾਂ ਦਾ ਵਿਹਲਾ ਮਨ ਅਯਾਸ਼ ਸੁਪਨੇ ਕਿਆਸ ਸਕਦਾ ਹੈ। ਅਜਕਲ ਧੜਾ ਧੜ ਲਿੰਗ ਉਕਸਾਊ ਫ਼ਿਲਮਾਂ ਬਣ ਰਹੀਆਂ ਹਨ ਕਿਉਂਕ ਪੱਛਮ ਦਿਨ-ਬ-ਦਿਨ ਪ੍ਰਮਿੱਸਵ (Permisive) ਭਵਿਖ ਵਲ ਵਧ ਰਿਹਾ ਹੈ। ਕਿਸੇ ਵੇਲੇ ਇਹ ਲੋਕ ਤ੍ਰੀਮਤ ਦੇ ਪੈਰ ਨੰਗੇ ਵੇਖ ਕੇ ਵੀ ਖ਼ੁਸ਼ ਹੋ ਜਾਂਦੇ ਸਨ ਹੁਣ ਇਸਤ੍ਰੀ ਦੇ ਨੰਗੇ ਜਿਸਮ ਤਕ ਹੀ ਮਹਿਦੂਦ ਨਹੀਂ ਰਹਿਣਾ ਚਾਹੁੰਦੇ, ਸਗੋਂ ਪਰਦੇ ਉਤੇ ਹਰ ਉਹ ਸਰਗਰਮੀ ਵੇਖਣਾ ਚਾਹੁੰਦੇ ਹਨ ਜਿਹੜੀ ਉਹਦੇ ਜਿਸਮ ਨਾਲ ਅਸਲ ਜ਼ਿੰਦਗੀ ਵਿਚ ਕੇਵਲ ਪਰਦੇ ਪਿੱਛੇ ਹੀ ਕੀਤੀ ਜਾ ਸਕਦੀ ਹੈ। ਲੰਡਨ ਵਿਚ ਬਣਦੀਆਂ ਫ਼ਿਲਮਾਂ ਤੋਂ ਲਿੰਗ ਦੇ ਲਿਹਾਜ਼ ਨਾਲ ਉੱਤਮ ਫ਼ਿਲਮਾਂ ਸਵੀਡਨ ਤੇ ਡੈਨਮਾਰਕ ਵਿਚ ਬਣਦੀਆਂ ਹਨ। ਉਥੇ ਕਦਾਚਿਤ "ਲਾਸਟ ਟੈਂਗੋ ਇਨ ਪੈਰਿਸ," "ਔਰਿੰਜ ਕਲੌਕ ਵਰਕ" ਤੇ "ਅਗਜ਼ੋਸਿਸਟ" ਸੰਬੰਧੀ ਰੌਲਾ ਰੱਪਾ ਨਾ ਪੈਂਦਾ। ਪੱਛਮੀ ਲੋਕ ਫ਼ਿਲਮਾਂ ਵਿਚ ਤਸ਼ੱਦਦ ਭਰਪੂਰ ਜ਼ਿੰਦਗੀ ਵਲ ਵਧੇਰੇ ਤੇਜ਼ੀ ਨਾਲ ਵਧ ਰਹੇ ਹਨ। ਸੋ ਪੱਛਮੀ ਫ਼ਿਲਮਾਂ ਵਿਚ ਤਸ਼ਦਦ, ਪੋਸਤ, ਲਿੰਗ ਅਤੇ ਕਲਪਨਾ ਭਰਪੂਰ ਸੀਨ ਹੁੰਦੇ ਹਨ।

ਸਾਡੇ ਦੇਸ਼ ਵਿਚ ਤਾਂ ਰੋਟੀ ਦਾ ਮਸਲਾ ਹੀ ਹਲ ਨਹੀਂ ਹੁੰਦਾ, ਸੋ ਨਿਰਮਾਤਾ ਲੋਕ, ਲੋਕਾਂ ਨੂੰ ਇਸ ਕੌੜੇ ਯਥਾਰਥ ਤੋਂ ਪਰ੍ਹਾਂ ਲਿਜਾ ਕੇ ਕਿਸੇ ਸੁਪਨਮਈ ਦੁਨੀਆਂ ਵਿਚ ਲਿਜਾਂਦੇ ਹਨ। ਸਿੱਧੇ ਲਫ਼ਜ਼ਾਂ ਵਿਚ ਉਹ ਲੋਕਾਂ ਦੇ ਸੰਘਰਸ਼ ਦੇ ਰਾਹ ਦੇ ਬਾਧਕ ਹਨ। ਲੋਕਾਂ ਦੀ ਅਸਲ ਸਮੱਸਿਆ ਸਾਡਾ ਆਰਥਕ ਢਾਂਚਾ ਹੈ। ਜਿਸ ਵਿਚ ਰਿਸ਼ਵਤ-ਖ਼ੋਰੀ ਹੈ, ਕੁੰਨਬਾ-ਪਰਵਰੀ ਹੈ ਤੇ ਧੋਖਾ-ਦੇਹੀ ਹੈ। ਸਾਡਾ ਆਰਥਕ ਮੰਦਵਾੜਾ ਸਾਨੂੰ ਇਹ ਕਹਿਣ ਲਈ ਪ੍ਰੇਰਦਾ ਹੈ ਕਿ ਸਾਡੇ ਸਭਿਆਚਾਰ ਦੀ ਸੁਰਖਿਅਤਾ ਲਈ ਅਜਿਹੀਆਂ ਫ਼ਿਲਮਾਂ ਬਣਾਈਆਂ ਜਾਣ ਜਿਨ੍ਹਾਂ ਵਿਚ ਬੇਕਾਰ ਨੌਜਵਾਨ, ਨਿਰਾਸ਼ ਕੁੜੀਆਂ, ਗ਼ਰੀਬ ਬੁੱਢੇ-ਬੁੱਢੀਆਂ ਅਤੇ ਭੁੱਖੇ ਬੱਚਿਆਂ ਦੀਆਂ ਕਹਾਣੀਆਂ ਹੋਣ ਤੇ ਉਹ ਲੋਕਾਂ ਨੂੰ ਸਮਾਜ-ਬਦਲੀ, ਨਿਜ਼ਾਮ-ਬਦਲੀ ਅਤੇ ਕਿਸਮਤ-ਬਦਲੀ ਦੀਆਂ ਪ੍ਰੇਰਨਾਵਾਂ ਦੇਣ।

# BUSINESS

## CLOTH STORES

B & G ENTERPRISES 7209 Main St.,Vancouver. PHONE: 324-6203
CONTINENTAL CLOTH HOUSE 6576 Main St., Van. PHONE: 321-0847
DIVENA TRADING 6642 Main St., Vancouver. PHONE: 324-7654 ,324-2508
EAST WEST QUALITY WEAR 7220 Main St., Vancouver. PHONE: 325-5414
EAST WEST QUALITY WEAR 1290 E. 12th Ave.,Van. PHONE: 876-7901
ELITE TAILORS 4213 Main St., Vancouver. PHONE: 872-2276
LONDON FASHION STORE 4393 Main St.,Van. PHONE: 876-7515
PUNJAB FASHION STORE 4158 Main St., Van. PHONE: 879-2612
ROKKO SAREES & FABRICS 6201 Fraser St.,Van. PHONE: 327-3033,327-8033

## FILM EXHIBITORS

AVTAR BAINS Queen Elizabeth Playhouse,Vancouver. PHONE: 325-7369
EVERGREEN FILMS YOrk Theatre, Vancouver. PHONE: 255-0141
HORIZON FILMS Metro Theatre, Vancouver. PHONE: 299-6710 (24 hrs.)
HORIZON FILMS Centennial, N. Vancouver. PHONE: 299-6710 (24 hrs.)
S & S PICTURES Olympia Theatre, Vancouver. PHONE: 325-8343
SIHOTA DISTRIBUTORS 1391 Kingsway,Van. PHONE: 873-4541,873-5631

## GROCERY STORES

INTERNATIONAL GROCERIES 4305 Main St., Vancouver. PHONE 879-2085
INTER-UNIVERSAL FOODS 9369 Scott Rd., Delta. PHONE: 584-7313
JAY MANGAL ENTERPRISES 6108 Fraser St.,Vancouver. PHONE 321-2844
NEW SPICE LAND 4532 Main St.,Vancouver. PHONE 874-6624
PATEL DELUX 2210 Commercial Dr., Vancouver. PHONE 255-6729
NODA FISH MARKET 4583 Kingsway, Vancouver. PHONE 434-2141
TRU FOODS 10713 King George Hwy, Surrey. PHONE: 584-7011

## JEWELLERS

BHARTI ART JEWELLER 865 Kingsway, Vancouver. PHONE: 874-9448
PAREKH JEWELLER 7211 Main St., Vancouver. PHONE: 321-6214

FOR ANY KIND OF

**Photography**

REMEMBER

SANDEEP
STUDIO

8157 Main Street
at Marine Drive

**Telephone: 324-4727**
RES. 325-9255

ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ
ਸਹਾਇਕ :-
ਗਿੱਲ ਇਨਸ਼ੋਰੈਂਸ
ਸਰਵਿਸਜ਼ ਏਜੰਸੀ ਲਿਮਟਿਡ
(ਸੁਰਜੀਤ ਗਿੱਲ)

AUTO — FIRE — LIFE

B—3905 Knight Street
at Kingsway)
Vancouver, B.C.

Off. 879-5522 Res. 434-7757

# DIRECTORY



## TVS-

UNION ELECTRONICS (1974) LTD.

6169 Fraser Street, Vancouver
Phone: 321-0314

## RADIOS-

UNION ELECTDONICS (1974) LTD.

6169 Fraser Street, Vancouver
Phone: 321-0314

## TAPES

UNION ELECTDONICS (1974) LTD.

6169 Fraser Street, Vancouver
Phone: 321-0314

## RADIO CASSETTES

SONY, TOSHIBA

UNION ELECTRONICS (1974) LTD.

6169 Fraser Street, Vancouver
Phone: 321-0314

## STEREOS-

UNION ELECTRONICS (1974) LTD.

6169 Fraser Street, Vancouver
Phone: 321-0314

## REAL ESTATE

BHOJWANI JAY 6550 E. Hastings St., Burnaby. PHONE: 255-0082
GILL AMARJIT 6964 Victoria Dr., Vancouver. PHONE: 327-8141
JANDA AJAIB 5842 Cambie St., Vancouver. PHONE: 321-6881
KHOSLA SUKH 6550 E. Hastings St., Burnaby. PHONE: 255-0082
MATTU TARY 5842 Cambie St., Vancouver. PHONE 321-6881
MEHTA GIRISH 6964 Victoria Dr., Vancouver. PHONE: 327-8141
SIDHU DALJIT 9360 Scott Rd., Surrey. PHONE: 581-4601
DECL REALTY 100-2096 w.41 Ave.Van. PHONE: 263-2112,
CHEEMA RAJ 7350 Edmonds St., Burnaby. PHONE: 524-9511
DHILLON G. S. 2001 W. 41st Ave., Vancouver. PHONE: 266-4155
ISRANI JAMES K. 3953 E. Hastings, Burnaby. PHONE: 291-2821
MANGAT JASWANT 4488 Main St., Vancouver. PHONE: 876-7111
KANDOLA TARSEM 4395 Fraser St., VAncouver. PHONE: 872-2666
JAZZ SINGH 4395 Fraser St., Vancouver. PHONE: 872-2666
BRAR DARSHAN 5467 Victoria Dr., Vancouver. PHONE: 327-8315
MOTI MICHAEL 1435 Kingsway, Vancouver. PHONE: 879-7571
TOOR HARPAL 1435 Kingsway, Vancouver. PHONE: 879-7571

## TRAVEL

**AHLUWALIA KARTAR S. 1391 Kingsway, Vancouver Phone: 873-5631 324-2557**
**BAINS INTERNATIONAL SERVICE LTD. 6364 Fraser, Vancouver Phone: 324-2277**
**CENTURY TRAVEL SERVICE 204—3310 Fraser St., Vancouver Phone: 874-9429**
**EVERYDAY TRAVEE SERVICE 2301 Main St., Vancouver Phone: 879-4677**
**GOYAL TRAVELS, 4160 Fraser, Vancouver, 10 Phone: 872-7658**
**PAMILA INTERNATIONAL TRAVEL SERVICE 4877 Main St. Vancouver Phone: 876-2248**
**SUPREME TRAVEL SERVICE 3397 Kingsway, Vancouver Phone: 438-4371**

For repair of all kinds of TV's stereos, cassettes, record players and radios.

**CONTACT**

Mr. Toor at 588-2296

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 7:00 p.m.
Every Thursday 6:00 p.m. to 800 p.m.
Every Friday 6:00 p.m. to 8:00 p.m.
Every Saturday 10 a.m. to 12 noon – 6 p.m. to 8 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

## Top Priority

Anything more important than your family's future?
Put first things first with common sense life insurance.
Call me today.

We sell life insurance. — But our business is life.

**METROPOLITAN LIFE**

550—6th Street, Ste. 270, New Westminster, B.C. V3L 3B8

## ਅਜੀਤ ਸਿੱਧੂ

ਜੋ ਬੀਮਾ-ਸੇਵਾਵਾਂ ਦੇ ਮਾਹਿਰ ਹਨ ਅਤੇ ਇੰਗਲੈਂਡ ਵਿੱਚ ਇੰਡੀਅਨ ਵਰਕਰਜ਼ ਐਸੋਸੀਏਸ਼ਨ, ਸਾਊਥਾਲ ਦੇ ਫਾਊਂਡਰ ਮੈਂਬਰ ਅਤੇ ਅਹੁਦੇਦਾਰ ਹਨ!



**Ajit S. Sidhu**

Sales representative
Office: 524-3601
Residence: 584-4516

## BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

GROUP DEPARTURE TO INDIA EVERY SATURDAY

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.
**Being IATA member we can issue your ticket while you wait on any air line.**

***Remember . . . One call does it all ! ! !***

ਬੈਂਸ ਟਰੈਵਲ ਸ ਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀ ਸਾਨੂੰ ਆਕੇ ਦਰਸ਼ਨ ਦਿਉ। ਕਿਉਂਕੇ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾਂ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ।

LITERARY & CULTURAL MONTHLY OF PANJABI
THE WATNO DUR
Post Box No. 1041 Coquitlam, B.C., Canada

ਵਤਨੋਂ ਦੂਰ ( ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ-ਸੱਭਿਆਚਾਰਕ ਮਾਸਕ-ਪੱਤਰ)
FEBRUARY, 1975 S. NO. 20
SECOND CLASS MAIL REGISTRATION NUMBER: 3233

*Everyday Travel Services Ltd.*

YOUR TRAVEL AGENT

OFFICE PHONE: 879-4677 - 8 - 9
CABLE ADDRESS: EVRYDATRAV
RESIDENCE PHONE: 437-4023

OFFICE: 2301 MAIN ST. AT 6th AVENUE
VANCOUVER 10, B.C., CANADA
MAILING ADDRESS: P.O. BOX 24658

TICKETS ISSUED FOR
**AIRLINES, * STEAMSHIPS, TRAINS AND BUSES**
RESERVATIONS MADE FOR
**HOTELS, RESORTS, U-DRIVES AND FREIGHTERS**
ARRANGEMENTS MADE FOR
**INDEPENDENT ESCORTED TOURS AND CRUISES**
OUR SPECIALTY IS
**ARRANGING LOW RATE GROUPS AND CHARTERS**
WE ALSO ARRANGE
**— TRAVEL NOW AND PAY LATER PLANS —**



*M. "Hardial" S. Parhar*

*Specialists in*
TRAVEL AND TOURS in INDIA, PAKISTAN and FAR EAST
•
Make Your Immigration Problems Our Business
ਅੱਜ ਹੀ ਫ਼ੋਨ ਕਰੋ

PROCESSING OF PASSPORTS, VISAS AND IMMIGRANT APPLICATIONS FREE OF CHARGE

# DELTA EQUITIES LTD.

**MORTGAGE AND FINANCIAL CONSULTANTS**

c/o 2301 Main Street, Vancouver, B.C. V5T 3C9

* FIRST MORTGAGES FROM 11%
* 2ND MORTGAGES FROM 15%
* 3RD MORTGAGES ALSO AVAILABLE

ARE YOU BUYING, BUILDING OR REFINANCING?

CALL RESIDENCE 437-4023
OFFICE 879-4677

HARDIAL SINGH PARHAR